ੴ ਸਤਿਗੁਰ ਪ੍ਰਸਾਦਿ॥

# ਪੰਥ ਕਰੂ ਗਾ ਫ਼ੈਸਲਾ

ਲੇਖਕ

**ਕੰਵਰ ਅਜੀਤ ਸਿੰਘ**

ਪ੍ਰਕਾਸ਼ਕ

**ਗੁਰਮਤਿ ਵਿਚਾਰ ਕੇਂਦਰ**

**20/77,** ਰਣਜੀਤ ਨਗਰ-ਜੀ ਬਲਾਕਸਿਉਨਾ ਰੋਡ, ਪਟਿਆਲਾ

ਫੋਨ: **0175-2359328,** ਮੋਬਾ. **98151-56818, 95018-77116**

**E-mal : sdkajitsingh@yahoo.co.in** **www.gurmatvichar.info**

ੴ ਸਤਿਗੁਰ ਪ੍ਰਸਾਦਿ॥

# ਪੰਥ ਕਰੂ ਗਾ ਫ਼ੈਸਲਾ


ਲੇਖਕ

**ਕੰਵਰ ਅਜੀਤ ਸਿੰਘ**



**ਪਹਿਲੀ ਛਾਪ : ਦਸੰਬਰ 2012**

**ਕੀਮਤ : 15/-**

ਪ੍ਰਕਾਸ਼ਕ

**ਗੁਰਮਤਿ ਵਿਚਾਰ ਕੇਂਦਰ**

20/77, ਰਣਜੀਤ ਨਗਰ-ਜੀ ਬਲਾਕ

ਸਿਉਨਾ ਰੋਡ, ਪਟਿਆਲਾ

ਫੋਨ : 0175-2359328,

ਮੋਬਾ. 98151-56818, 95018-77116

E-mal : sdkajitsingh@yahoo.co.in

www.gurmatvichar.info

ਛਾਪਕ

**ਡੈਫੋਡਿਲਜ਼ ਪ੍ਰਿੰਟਰਜ਼ (ਫੈਕਟਰੀ ਏਰੀਆ, ਪਟਿਆਲਾ)**


ਸਮਰਪਣ

**ਮਹਾਨ ਸ਼ਹੀਦ**

**ਭਾਈ ਮਨੀ ਸਿੰਘ ਜੀ ਅਤੇ**

**ਬਾਬਾ ਦੀਪ ਸਿੰਘ ਜੀ ਨੂੰ**

# ਤਤਕਰਾ


1. ਗੁਰ ਸਿਮਰ ਮਨਾਈ ਕਾਲਕਾ
2. ਦਸਵਾਂ ਨਾਨਕ
3. ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਸਵਾਲਾਂ ਦੇ ਜਵਾਬ ਦਾ ਜਵਾਬ
4. ਪੰਥ ਕਰੂ ਗਾ ਫ਼ੈਸਲਾ




# ਅਰੰਭਕ ਸ਼ਬਦ

ਮਾਤਾ ਸੁੰਦਰੀ ਜੀ ਦੀ ਆਗਿਆ ਅਨੁਸਾਰ, ਭਾਈ ਮਨੀ ਸਿੰਘ ਜੀ ਵੱਲੋਂ ਸੰਕਲਣ ਕੀਤੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ "ਦਸਵੇਂ ਪਾਤਸ਼ਾਹ ਕਾ ਗ੍ਰੰਥ" ਜੋ ਹੁਣ "ਸ੍ਰੀ ਦਸਮ ਗ੍ਰੰਥ ਸਾਹਿਬ" ਦੇ ਨਾਉਂ ਨਾਲ ਪ੍ਰਸਿੱਧ ਹੈ, ਨੂੰ ਪੰਥ ਨੇ ਸਰਬ-ਸੰਮਤੀ ਨਾਲ ਗੁਰੂ ਕ੍ਰਿਤ ਸਵੀਕਾਰ ਲਿਆ। ਭਾਈ ਮਨੀ ਸਿੰਘ ਪਿੱਛੋਂ ਬਾਬਾ ਦੀਪ ਸਿੰਘ ਜੀ ਅਤੇ ਹੋਰ ਗੁਰੂ ਕੇ ਪਿਆਰਿਆਂ ਨੇ ਇਸ ਦੇ ਉਤਾਰੇ ਕਰਕੇ ਪੰਥ ਵਿੱਚ ਅਨੇਕਾਂ ਥਾਂਵਾਂ 'ਤੇ ਅਸਥਾਪਨ ਕੀਤਾ।

ਇਤਿਹਾਸਿਕ ਪਰਮਾਣਾਂ ਅਨੁਸਾਰ, ਖਾਲਸਾ ਸਾਜਨਾ ਦਿਵਸ ਵੇਲੇ ਕਲਗੀਧਰ ਮਹਾਰਾਜ ਨੇ "ਖੰਡਾ ਪਾਹੁਲ" ਤਿਆਰ ਕਰਨ ਵੇਲੇ, ਸ੍ਰੀ ਜਾਪੁ ਸਾਹਿਬ, ਸੁਧਾ ਸਵੱਯੇ, ਕਬਿਓ ਬਾਚ ਬੇਨਤੀ ਚੌਪਈ, ਜਪੁਜੀ ਸਾਹਿਬ, ਆਨੰਦ ਸਾਹਿਬ ਦਾ ਪਾਠ ਕੀਤਾ। ਹੁਣ ਤੱਕ ਇਨ੍ਹਾਂ ਬਾਣੀਆਂ ਨਾਲ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਦੀ ਰੀਤ ਪੰਥ ਵਿੱਚ ਚੱਲੀ ਆ ਰਹੀ ਹੈ।

ਕਿਸੇ ਸਾਜ਼ਿਸ਼ ਅਧੀਨ, ਅਗਿਆਨਤਾ ਵੱਸ ਜਾਂ ਕਿਸੇ ਮਾਇਕ ਲਾਲਸਾ ਕਰਕੇ, ਪਿਛਲੇ ਕੁਝ ਸਮੇਂ ਤੋਂ ਅਖੌਤੀ ਮਿਸ਼ਨਰੀ ਕਾਲਜ ਜਾਂ ਪੰਥ ਵਿਰੋਧੀ ਤਾਕਤਾਂ ਦੀ ਘੁਸਪੈਠ ਕਾਰਨ ਇਸ ਗ੍ਰੰਥ ਦੇ ਵਿਰੋਧ ਵਿੱਚ ਹੈਦਰੀ ਝੰਡਾ ਚੁੱਕ ਰਖਿਆ ਹੈ। ਇਨ੍ਹਾਂ ਦੇ ਭੰਡੀ ਪ੍ਰਚਾਰ ਵਿਰੁੱਧ ਪੰਥ ਹਿਤੈਸ਼ੀ ਕਈ ਵਿਦਵਾਨਾਂ ਨੇ ਜਿਹਾ ਕਿ : ਡਾਕਟਰ ਜੋਧ ਸਿੰਘ, ਡਾਕਟਰ ਹਰਪਾਲ ਸਿੰਘ ਪੰਨੂੰ, ਡਾਕਟਰ ਹਰਭਜਨ ਸਿੰਘ, ਸਰਦਾਰ ਅਮਰਜੀਤ ਸਿੰਘ ਖੋਸਾ (ਕੈਨੇਡਾ), ਸ੍ਵਾਮੀ ਬ੍ਰਹਮ ਦੇਵ (ਉਦਾਸੀ) ਅਤੇ ਦਾਸ ਨੇ ਲਿਖਤਾਂ ਰਾਹੀਂ ਪੰਥ ਨੂੰ ਸੁਚੇਤ ਕੀਤਾ ਹੈ। ਇਨ੍ਹਾਂ ਦੀਆਂ ਲਿਖਤਾਂ ਨੇ ਸਿੱਧ ਕੀਤਾ ਹੈ ਕਿ ਦਸਮ ਗ੍ਰੰਥੀ ਵਿਰੋਧੀ ਲਾਣੇ ਦੀਆਂ ਕੁਤਰਕਾਂ, ਮਨੋਕਲਪਿਤ, ਅਗਿਆਨਤਾ ਭਰਪੂਰ, ਇਤਿਹਾਸਿਕ ਤੱਥ ਆਧਾਰਹੀਣ, ਤਰਕ ਸੰਗਤ ਹੀਣ ਅਤੇ ਆਮ ਸਿੱਖ-ਸੰਗਤ ਨੂੰ ਗੁਮਰਾਹ ਕਰਨ ਵਾਲੀਆਂ ਹਨ। ਕੈਸੀ ਅਜੀਬ ਗੱਲ ਹੈ ਕਿ ਗੁਰਬਾਣੀ ਦੀ ਕੋਸ਼ਕਾਰੀ ਕਰਨ ਵਾਲੇ ਭਾਈ ਕਾਨ੍ਹ ਸਿੰਘ ਜੀ ਨਾਭਾ, ਗੁਰਬਾਣੀ ਦੇ ਵਿਆਕਰਣ ਰਚੈਤਾ ਪ੍ਰੋਫੈਸਰ ਸਾਹਿਬ ਸਿੰਘ ਜੀ, ਗਿਆਨੀ ਦਿੱਤ ਸਿੰਘ ਅਤੇ ਭਾਈ ਵੀਰ ਸਿੰਘ ਵਰਗੇ ਮਹਾਨ ਵਿਦਵਾਨ ਤਾਂ ਇਸ ਗ੍ਰੰਥ ਨੂੰ ਗੁਰੂ ਕ੍ਰਿਤ ਸਵੀਕਾਰਦੇ ਹਨ ਪਰ ਮਿਸ਼ਨਰੀ ਕਾਲਜਾਂ ਦੀ ਨਵੀਂ ਮੁੰਢੀਰ ਇਸ ਦੇ ਬਰਖ਼ਿਲਾਫ਼ ਡਟ ਰਹੀ ਹੈ।

ਅਸੀਂ ਆਪਣੀਆਂ ਕਿਤਾਬਾਂ, ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤ੍ਰੀ ਅਤੇ ਮਹਾਂ ਕਾਲ ਰਖਵਾਰ ਹਮਰੋ ਵਿੱਚ ਕਾਫ਼ੀ ਕੁਛ ਸੱਚਾਈ ਪ੍ਰਗਟ ਕਰ ਦਿੱਤੀ ਹੈ। ਸਾਨੂੰ ਆਸ ਹੈ ਕਿ ਇਹ ਛੋਟਾ ਜਿਹਾ ਕਿਤਾਬਚਾ ਭੀ ਇਸ ਵਿਸ਼ੇ ਤੇ ਚਾਨਣ ਪਾ ਕੇ ਸੰਗਤਾਂ ਦੀਆਂ ਅਸੀਸਾਂ ਦਿਲਾਉਣ ਵਿੱਚ ਸਾਰਥਕ ਸਿੱਧ ਹੋਵੇਗਾ।

ਦਾਸ

**ਕੰਵਰ ਅਜੀਤ ਸਿੰਘ**

# ਗੁਰ ਸਿਮਰ ਮਨਾਈ ਕਾਲਿਕਾ?

ੴ ਸਤਿਗੁਰ ਪ੍ਰਸਾਦਿ॥

ਕਾਫੀ ਦੇਰ ਦੀ ਗੱਲ ਹੈ, ਪਟਿਆਲੇ ਦੇ ਅਦਾਲਤ ਬਾਜ਼ਾਰ ਵਿਚ "ਚੀਫ ਸ਼ੂ ਸਟੋਰ" ਤੋਂ, ਮੈਂ ਇਕ ਵਾਰੀ ਜੁੱਤੀ ਲੈਣ ਲਈ ਗਿਆ ਸੀ। ਦੁਕਾਨ ਦੇ ਮਾਲਕ ਸ੍ਰੀ ਰੱਤੀ ਰਾਮ ਜੀ ਆਪਣੇ ਇਕ ਮਿੱਤਰ, ਕਿਸੇ ਰਟਾਇਰਡ ਜੱਜ ਨਾਲ ਅਧਿਆਤਮਿਕ ਗੱਲਾਂ ਕਰ ਰਹੇ ਸਨ। ਗੱਲਾਂ ਕਰਦੇ-ਕਰਦੇ ਕਹਿਣ ਲੱਗੇ ਕਿ ਦੇਖੋ ਜੀ ! ਜਿਸ ਸ਼ਕਤੀ ਦੀ ਅਰਾਧਨਾ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਉਸ ਨੂੰ ਸਿੱਖ ਮੰਨਦੇ ਹੀ ਨਹੀਂ, ਗੁਰੂ ਸਾਹਿਬ ਦੀ ਲਿਖੀ, ਮਹਾਰਾਜਾ ਭੂਪਿੰਦਰ ਸਿੰਘ ਜੀ ਵੱਲੋਂ ਛਪਾਈ ਪੋਥੀ ਮੇਰੇ ਕੋਲ ਹੈ। ਮੈਂ ਤਾਂ ਹਰ ਰੋਜ਼ ਅਤੇ ਨਰਾਤਿਆਂ ਦੇ ਦਿਨਾਂ ਵਿਚ ਖਾਸ ਕਰਕੇ ਇਸੇ ਦਾ ਪਾਠ ਕਰਦਾ ਹਾਂ।

ਗੱਲ ਸੁਣ ਕੇ ਮੇਰੇ ਮਨ ਵਿਚ ਪੁਸਤਕ ਦੇਖਣ ਦੀ ਜਗਿਆਸਾ ਪੈਦਾ ਹੋਈ। ਮੇਰੀ ਇੱਛਾ ਨੂੰ ਦੇਖ ਕੇ ਪਹਿਲਾਂ ਤਾਂ ਟਾਲਮਟੋਲ ਕਰਦੇ ਰਹੇ ਫਿਰ ਸਤਿਕਾਰ ਨਾਲ ਰੁਮਾਲੇ ਵਿਚ ਲਪੇਟ ਕੇ, ਮੇਰੇ ਹੱਥ ਪਾਣੀ ਨਾਲ ਸੁਚੇ ਕਰਨ ਪਿੱਛੋਂ ਪੋਥੀ ਦੇ ਕੇ, ਪੜ੍ਹਕੇ, ਵਾਪਸ ਕਰਨ ਦੀ ਤਾਕੀਦ ਕਰ ਦਿੱਤੀ। ਮੈਂ ਘਰ ਆ ਕੇ ਪੋਥੀ ਦਾ ਪਹਿਲਾ ਵਰਕਾ ਦੇਖਿਆ ਅਤੇ ਪੋਥੀ ਬੰਦ ਕਰ ਕੇ ਅਗਲੇ ਦਿਨ ਉਨ੍ਹਾਂ ਨੂੰ ਵਾਪਸ ਕਰਨ ਚਲਾ ਗਿਆ। ਜਦ ਉਨ੍ਹਾਂ ਨੇ ਬਗ਼ੈਰ ਪੜ੍ਹੇ ਹੀ ਵਾਪਸ ਕਰਨ ਦਾ ਕਾਰਨ ਪੁੱਛਿਆ ਤਾਂ ਮੈਂ ਉੱਤਰ ਦਿੱਤਾ ਕਿ ਜੋ ਤੁਸਾਂ ਪੜ੍ਹਨ ਦੀ ਕੋਸ਼ਿਸ਼ ਨਹੀਂ ਕੀਤੀ ਮੈਂ ਉਹੀ ਪੜ੍ਹਿਆ ਹੈ, ਹੋਰ ਪੜ੍ਹਨ ਦੀ ਮੈਨੂੰ ਲੋੜ ਨਹੀਂ। ਉਨ੍ਹਾਂ ਦੀ ਹੈਰਾਨਗੀ ਦੂਰ ਕਰਨ ਲਈ ਮੈਂ ਪੋਥੀ ਦਾ ਪਹਿਲਾ ਪੰਨਾ ਖੋਲ੍ਹ ਕੇ ਪੜ੍ਹ ਕੇ ਸੁਣਾਇਆ ''ਅਥਿ ਮਾਰਕੰਡੇ ਪੁਰਾਣ ਅਧਿਆਇ ੭ ਚੰਡੀ ਚਰਿਤਰ ਲਿਖਯਤੇ" ਤੇ ਦੱਸਿਆ ਕਿ ਇਹ ਕਲਗੀਧਰ ਮਹਾਰਾਜ ਦੀ ਆਪਣੀ ਰਚਨਾ ਨਹੀਂ ਹੈ। ਮਾਰਕੰਡੇ ਪੁਰਾਣ ਦਾ ਇਕ ਅਧਿਆਏ ਉਨ੍ਹਾਂ ਨੇ ਗੁਰਮੁਖੀ ਵਿਚ ਰੂਪਾਂਤਰ ਕੀਤਾ ਹੈ। ਜਿਸ ਤਾਂਤ੍ਰਿਕ ਦੀ ਪ੍ਰੇਰਨਾ ਨਾਲ (ਜਿਸਦਾ ਜ਼ਿਕਰ ਦੀਵਾਨ ਜਰਮਨੀ ਦਾਸ ਨੇ ਆਪਣੀ ਕਿਤਾਬ 'ਦੀ ਮਹਾਰਾਜਾ' ਵਿਚ ਵਿਸਥਾਰ ਨਾਲ ਕੀਤਾ ਹੈ) ਮਹਾਰਾਜ ਸਾਹਿਬ ਨੇ ਇਹ ਪੁਸਤਕ ਛਪਾਈ ਅਤੇ ਜਿਸ ਮਹਾਂਪੁਰਸ਼ ਦੀ ਕ੍ਰਿਪਾ ਸਦਕਾ ਉਸ ਤਾਂਤ੍ਰਿਕ ਦਾ ਬਿਸਤਰਾ ਗੋਲ ਹੋਇਆ ਬਾਰੇ ਦੱਸਿਆ ਤਾਂ ਉਹ ਹੱਕੇ-ਬੱਕੇ ਰਹਿ ਗਏ।

ਇਸ ਤਰ੍ਹਾਂ ਕਈ ਅਣਜਾਣੇ ਅਤੇ ਕਈ ਜਾਣ ਬੁੱਝ ਕੇ, ਵਿਅਕਤੀਗਤ ਤੌਰ ਤੇ ਅਤੇ ਕਈ ਸੰਸਥਾਵਾਂ, ਸਿੱਖੀ ਸਿਧਾਂਤਾਂ ਤੋਂ ਉਲਟ ਜਾ ਕੇ ਗੁਰੂ ਸਾਹਿਬ ਬਾਰੇ ਐਸਾ ਕੋਝਾ ਪ੍ਰਚਾਰ ਕਰ ਰਹੀਆਂ ਹਨ। ਸੰਨ 1984 ਦੇ ਜਨਮ ਅਸ਼ਟਮੀ ਦੇ ਦਿਨ, ਦੂਰ ਦਰਸ਼ਨ ਦੇ ਪ੍ਰੋਗਰਾਮ ''ਗੁਰੂ ਗੋਬਿੰਦ ਸਿੰਘ ਸਾਹਿਬ ਕੀ ਹਿੰਦੀ ਸਾਹਿਤਕ ਰਚਨਾ" ਦੇ ਪ੍ਰੋਗਰਾਮ ਅਨੁਸਾਰ ਗੁਰੂ ਸਾਹਿਬ ਨੂੰ ਕ੍ਰਿਸ਼ਨ ਜੀ ਦਾ ਉਪਾਸ਼ਕ ਸਾਬਤ ਕਰ ਦਿੱਤਾ ਗਿਆ। ਸਾਰੇ ਦੇਸ ਵਿਚ ਜਿਥੇ ਭੀ ਬਿਰਲਾ ਮੰਦਰ ਬਣੇ ਹੋਏ ਹਨ ਕਲਗੀਧਰ ਮਹਾਰਾਜ ਦੀਆਂ ਫੋਟੋਆਂ ਲਗਾ ਕੇ ਹੇਠਾਂ ਚੰਡੀ ਚ੍ਰਿਤਰ ਵਿਚੋਂ ਸ਼ਲੋਕ ਲਿਖੇ ਹਨ ਜਿਸ ਨਾਲ ਸਿੱਧ ਹੋਵੇ ਕਿ ਉਹ ਚੰਡੀ ਦੇ ਉਪਾਸਕ ਸੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਫੋਟੋ ਲਗਾ ਕੇ ਗੁਰਬਾਣੀ ਚੋਂ



ਉਹ ਸ਼ਲੋਕ ਲਿਖੇ ਹੋਏ ਹਨ ਜਿਸ ਤੋਂ ਪੜ੍ਹਨ ਵਾਲੇ ਨੂੰ ਇਹ ਪਤਾ ਲੱਗੇ ਕਿ ਉਹ ਦਸ਼ਰਥ ਪੁੱਤਰ ਰਾਮ ਚੰਦਰ ਜੀ ਦੇ ਭਗਤ ਸੀ (''ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ" ਅੰਗ ੧੪੨੯ )। ਇਸੇ ਤਰ੍ਹਾਂ ਹੀ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਮੰਦਰ ਵਿਚ ਕੀਤਾ ਹੋਇਆ ਹੈ। ਮਾਨੋ ਚਤੁਰ ਅਤੇ ਸ਼ਰਾਰਤੀ ਦਿਮਾਗ ਵਾਲਿਆਂ ਨੇ ਸਿੱਖੀ ਨੂੰ ਹਿੰਦੂ ਧਰਮ ਵਿਚ ਜ਼ਜ਼ਬ ਕਰਨ ਲਈ ਸ਼ਿਲਾ ਨਯਾਸ ਤਕਰੀਬਨ ਵੀਹਵੀਂ ਸਦੀ ਦੇ ਆਰੰਭ ਤੋਂ ਕੀਤਾ ਹੋਇਆ ਹੈ।

300 ਸਾਲਾ ਖਾਲਸਾ ਸਾਜਨਾ ਦਿਵਸ 'ਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸਿੱਖ ਬੁੱਧੀਜੀਵੀਆਂ ਅਤੇ ਹੋਰ ਸਿੱਖ ਸੰਸਥਾਵਾਂ ਦੇ ਮੁਖੀਆਂ ਦੀ ਹਾਜ਼ਰੀ ਵਿਚ, ਜਦ ਆਨੰਦਪੁਰ ਸਾਹਿਬ, ਪ੍ਰਧਾਨ ਮੰਤਰੀ ਸ੍ਰੀ ਬਾਜਪਾਈ ਜੀ ਨੇ, ਜਿਸ ਅੰਦਾਜ਼ ਵਿਚ ''ਦੇਹ ਸ਼ਿਵਾ ਬਰ ਮੋਹਿ ਇਹੈ" ਦਾ ਸਵੱਯਾ ਪੜ੍ਹਿਆ ਅਤੇ ਜੋ ਵਿਆਖਿਆ ਉਹ ਸਾਰੇ ਦੇਸ਼ ਦੇ ਦੂਰਦਰਸ਼ਨ ਵੇਖਣ ਵਾਲਿਆਂ ਅੱਗੇ ਕਰ ਗਏ, ਕੌਣ ਇਨਕਾਰੀ ਹੋਏਗਾ ਕਿ ਕਲਗੀਧਰ ਮਹਾਰਾਜ ਨੇ ਇਹ ਬੇਨਤੀ ਸ਼ਿਵ ਜੀ ਅੱਗੇ ਨਹੀਂ ਕੀਤੀ ? ਅਤੇ ਕਿੰਨੀ ਅਫ਼ਸੋਸਨਾਕ ਅਤੇ ਸ਼ਰਮਨਾਕ ਹਾਲਤ ਹੈ ਕਿ ਇੰਨੇ ਲੰਬੇ ਪ੍ਰੋਗਰਾਮ ਦੌਰਾਨ ਕਿਸੇ ਸਿੱਖ ਨੇ ਸਿੱਖੀ ਸਿਧਾਂਤ ਪੇਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪੰਥ ਦੀਆਂ ਅਜਿਹੀਆਂ ਕਮਜ਼ੋਰੀਆਂ ਨੂੰ ਭਾਂਪ ਕੇ ਹੀ ਹੁਣ ਕਈ ਗ਼ੈਰ ਸਿੱਖ ਸੰਸਥਾਵਾਂ ਗੱਜ-ਵੱਜ ਕੇ ਇਹ ਪ੍ਰਚਾਰ ਕਰਨ ਲੱਗ ਪਈਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਨੇ ਸਾਰੇ ਸਿੱਖੀ ਸਿਧਾਂਤ ਦੇ ਮੂਲ ਆਧਾਰ, ਮੂਲ ਮੰਤ੍ਰ (**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲਿ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ**) ਵਿਚ ਅਰਾਧਨਾ ਲਈ ਜੋ ਸਰੂਪ ਅਕਾਲ ਪੁਰਖ ਦਾ ਪੇਸ਼ ਕੀਤਾ ਹੈ, ਜਿਸ ਦਾ ਧਿਆਨ ਉਹ ਆਪ ਅਤੇ ਉਨ੍ਹਾਂ ਦੇ ਉਤਰ-ਅਧਿਕਾਰੀ ਕਰਦੇ ਰਹੇ, ਇਸ ਵਿਚ ਬ੍ਰਹਮਾ, ਵਿਸ਼ਨੂ, ਮਹੇਸ਼ ਜਾਂ ਕਿਸੇ ਦੇਵੀ ਦੇਵਤੇ ਲਈ ਕੋਈ ਜਗ੍ਹਾ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਇਸੇ ਮੂਲ ਮੰਤਰ ਤੋਂ ਹੁੰਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੀਆਂ ਸਾਰੀਆਂ ਰਚਨਾਵਾਂ ''ੴ ਅਕਾਲ ਜੀ ਸਹਾਇ" ਜਾਂ ''ੴ ਸ੍ਰੀ ਵਾਹਿਗੁਰੂ ਜੀ ਫਤਹਿ" ਨਾਲ ਹੀ ਸ਼ੁਰੂ ਹੁੰਦੀਆਂ ਹਨ ਜੋ ਕਿ ਲਿਖਾਰੀ ਦੇ ਇਸ਼ਟ ਦੀਆਂ ਪ੍ਰਤੀਕ ਹਨ ਤਾਂ ਤੇ ਗੁਰੂ ਸਾਹਿਬ ਨੂੰ ਕਿਸੇ ਦੇਵੀ ਦੇ ਪੁਜਾਰੀ ਕਹਿਣਾ ਘੋਰ ਅਨਿਆਇ ਹੈ।

ਸਿੱਖ ਮਤਿ ਦੀ, ਬਾਕੀ ਪੂਰਬ ਦੇ ਧਰਮਾਂ ਨਾਲੋਂ ਸਭ ਤੋਂ ਵੱਡੀ ਵਿਲੱਖਣਤਾ ਇਹ ਹੈ ਕਿ ਗੁਰੂ ਮਹਾਰਾਜ ਨੇ ਸਾਰੀ ਲੁਕਾਈ ਨੂੰ ਇਕ ਪ੍ਰਮੇਸ਼ਰ, ਜੋ ਅਜੂਨੀ ਹੈ ਅਕਾਲ ਹੈ ਤੇ ਆਦਿ ਸਚੁ ਜੁਗਾਦਿ ਸਚੁ ਸੀ ਹੁਣ ਹੈ ਅਤੇ ਅਗੇ ਰਹੇਗਾ ਉਸ ਦੀ ਸ਼ਰਨ ਵਿਚ ਆ ਕੇ ਪ੍ਰੇਮਾ ਭਗਤੀ ਦੁਆਰਾ ਲਿਵ-ਲੀਨ ਹੋਣ ਦਾ ਉਪਦੇਸ਼ ਦਿੱਤਾ।

**ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ॥**

**ਅੰਗ ੩੭੯**

**ਆਦਿ ਅਨੀਲ ਅਨਾਦਿ ਅਨਾਹਤਿ ਜੁਗ ਜੁਗੁ ਏਕੋ ਵੇਸ॥ ਜਪੁਜੀ**

**ਆਦਿ ਜੁਗਾਦੀ ਹੈ ਭੀ ਹੋਸੀ ਅਵਰ ਝੂਠਾ ਸਭ ਮਾਨੋ॥ ਅੰਗ ੪੩੭**

ਅਤੇ ਜੋ ਇਕ ਪ੍ਰਮੇਸ਼ਰ ਨੂੰ ਛੱਡ ਕੇ ਹੋਰ ਦੂਏ ਤੀਏ ਨੂੰ ਸੇਂਵਦੇ ਹਨ ਉਨ੍ਹਾਂ ਨੂੰ ਫਿਟਕਾਰ ਪਾਈ।

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ ਅੰਗ ੪੭੦**

ਇਸੇ ਤਰ੍ਹਾਂ ਕਲਗੀਧਰ ਮਹਾਰਾਜ ਨੇ ਉਪਦੇਸ਼ ਦਿੱਤਾ

**ਬਿਨ ਕਰਤਾਰ ਨਾ ਕਿਰਤਮ ਮਾਨਉ॥**
**ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪ੍ਰਮੇਸ਼ਰ ਜਾਨਉ॥**
**(ਦਸਮ ਗ੍ਰੰਥ ਅੰਗ ੭੧੨)**

**ਤਾਂਹੀ ਕੋ ਧ੍ਯਾਨ ਪ੍ਰਮਾਨਿ ਹੀਯੇ ਮਨ ਮਹਿ**
**ਜੋਊ ਥਾ ਅਬ ਹੈ ਅਰੁ ਆਗੇਊ ਹ੍ਵੈ ਹੈ॥ (ਦਸਮ ਗ੍ਰੰਥ ਅੰਗ ੭੧੪)**

ਬਹੁਤ ਸਾਰੇ ਸਜਣ ਇਹ ਕਹਿੰਦੇ ਸੁਣੇ ਹਨ ਕਿ ਖਾਲਸਾਈ ਪੰਥ ਪ੍ਰਵਾਨਤ ਅਰਦਾਸ ਦੀ ਆਰੰਭਤਾ ''ਪ੍ਰਿਥਮ ਭਗਉਤੀ ਸਿਮਰ ਕੈ'' ਤੋਂ ਸ਼ੁਰੂ ਹੁੰਦੀ ਹੈ ਜੋ ਕਿ ਕਲਗੀਧਰ ਮਹਾਰਾਜ ਦੀ ਰਚਨਾ ਹੈ ਇਸ ਲਈ ਗੁਰੂ ਸਾਹਿਬ ਨੇ ਆਪ ਦੇਵੀ ਦੀ ਪੂਜਾ ਕੀਤੀ ਅਤੇ ਸਿੱਖਾਂ ਨੂੰ ਐਸਾ ਕਰਨ ਦਾ ਉਪਦੇਸ਼ ਦਿੱਤਾ। ਇਸ ਦਾ ਨਿਰਣਾ ਕਰਨ ਦੀ ਭੀ ਬਹੁਤ ਜ਼ਰੂਰਤ ਹੈ।

ਸਭ ਤੋਂ ਪਹਿਲਾਂ ਤਾਂ ਕਿਸੇ ਸ਼ਬਦ ਦੇ ਅਰਥ ਹਰ ਸਮੇਂ ਇਕ ਨਹੀਂ ਹੁੰਦੇ। ਫਿਰ ਇਕੋ ਸ਼ਬਦ ਦੇ, ਦੇਸ਼ ਦੇ ਅੱਡ-ਅੱਡ ਹਿੱਸਿਆਂ ਅਤੇ ਬੋਲੀਆਂ ਵਿਚ ਵੱਖਰੇ-ਵੱਖਰੇ ਅਰਥ ਹਨ। ''ਬਾਈ'' ਸ਼ਬਦ ਦੇ, ਉੱਤਰਪ੍ਰਦੇਸ਼ ਵਿਚ ਅਰਥ ਹਨ ਚਕਲੇ ਵਾਲੀ ਔਰਤ, ਰਾਜਸਥਾਨ ਵਿਚ, ਘਰ ਵਿਚ ਜੋ ਕੰਮ ਕਰਨ ਵਾਲੀ (ਭਾਂਡੇ ਮਾਂਜਨ ਜਾਂ ਰੋਟੀ ਪਕਾਉਣ ਵਾਲੀ) ਨੂੰ ਕਹਿੰਦੇ ਹਨ ਅਤੇ ਪੰਜਾਬ ਦੇ ਲੁਧਿਆਨੇ ਜ਼ਿਲ੍ਹੇ ਵਿਚ ਬਾਈ ਜੀ ਵੱਡੇ ਭਰਾ ਨੂੰ ਕਹਿੰਦੇ ਹਨ ਅਤੇ ਗੁਰਬਾਣੀ ਵਿਚ ''ਬਾਈ'' ਪਦ ਸਤਿਕਾਰਤ ਇਸਤਰੀ ਲਈ ਵਰਤਿਆ ਗਿਆ ਹੈ।

**ਰੀ ਬਾਈ ਬੇਢੀ ਦੇਨ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥**
**(ਅੰਗ ੬੫੭)**

ਗੁਰਬਾਣੀ ਵਿਚ ਆਇਆ ਹੈ।

**ਸੋ ਭਗਉਤੀ ਜੁੋ ਭਗਵੰਤੈ ਜਾਣੈ॥ (ਅੰਗ ੮੮)**

ਜੋ ਕਿ ਭਗਉਤੀ ਇਕ ਫਿਰਕੇ ਨੂੰ ਦਰਸਾਂਦਾ ਹੈ ਜੋ ਭਉਂਦੇ ਰਹਿੰਦੇ ਸਨ। ਇਸੇ ਤਰ੍ਹਾਂ ਨਿਹੰਗ ਸਿੰਘਾਂ ਦੇ ਬੋਲੇ ਵਿਚ ਅਤੇ ਕਲਗੀਧਰ ਮਹਾਰਾਜ ਦੀ ਲਿਖਤਾਂ ਵਿਚ ਭਗਉਤੀ, ਭਗਉਤਾ, ਤਲਵਾਰ ਦੀ ਸੰਗਯਾ ਦੇ ਅਰਥ ਰੱਖਦਾ ਹੈ ਜੋ ਕਿ ਅੱਗੇ ਜਾ ਕੇ ਸਾਬਤ ਹੋ ਜਾਵੇਗਾ। ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨੇ ਇਸ ਲਫ਼ਜ ਦੇ ਪ੍ਰਮੇਸ਼ਰ, ਭਗਵਤੀ ਦੇਵੀ, ਮਹਾਂਕਾਲ ਅਤੇ ਤਲਵਾਰ ਸਮੇਤ 22 ਅਰਥ ਕੀਤੇ ਹਨ।

ਹੁਣ ਪ੍ਰਿਥਮ ਭਗਉਤੀ ਦੀ ਪਉੜੀ ਦਾ ਵੀਚਾਰ ਕਰ ਲੈਣਾ ਠੀਕ ਹੈ। ਕਲਗੀਧਰ ਮਹਾਰਾਜ ਦੀ ਪੰਜਾਬੀ ਰਚਨਾ ਦਾ ਇਹ ਇਕ ਉਤਮ ਨਮੂਨਾ ਹੈ। ਇਸ ਦੀ ਸ਼ੈਲੀ, ਅਲੰਕਾਰਿਤ ਸ਼ਬਦਾਵਲੀ ਅਤੇ ਲੈਅ ਦੀ ਘਾੜਤ ਸਿਰ ਖਿੰਡੀ ਛੰਦ ਵਾਲੀ ਹੋਣ ਕਰਕੇ ਇਸ ਬਾਣੀ ਦਾ ਪਾਠ ਕਰਨ ਨਾਲ ਧਰਮ ਯੁੱਧ ਲਈ ਜੋਸ਼ ਠਾਠਾਂ ਮਾਰਨ ਲੱਗ ਜਾਂਦਾ ਹੈ। ਜੋ ਕਿ ਮੁਰਦਿਹਾਨੀ ਵਾਲੇ ਦਿਲਾਂ ਵਿਚ ਪੈਦਾ ਕਰਨ ਲਈ ਸਮੇਂ ਦੀ ਲੋੜ ਸੀ।



ਇਹ ਰਚਨਾ ਦਸਮੇਸ਼ ਪਿਤਾ ਨੇ ''ਚੰਡੀ ਦੀ ਵਾਰ'' ਦੇ ਨਾਉਂ ਨਾਲ ਲਿਖੀ ਹੈ। ਇਸ ਤੋਂ ਇਲਾਵਾ ਹੋਰ ਨਾਉਂ ਹਨ

**ਵਾਰ ਦੁਰਗਾ ਕੀ ਅਤੇ ਵਾਰ ਸ੍ਰੀ ਭਗਉਤੀ ਜੀ ਕੀ।**

ਪੁਰਾਤਨ ਸਮਿਆਂ ਵਿਚ ਹਰ ਕੋਈ ਲਿਖਾਰੀ, ਲਿਖਤ ਲਿਖਣ ਤੋਂ ਪਹਿਲਾਂ ਆਪਣੇ ਇਸ਼ਟ ਦੀ ਅਰਾਧਨਾ ਫਿਰ ਆਪਣੇ ਗੁਰੂ ਦਾ ਅਸ਼ੀਰਵਾਦ ਅਤੇ ਰਚਨਾ ਬਾਰੇ ਆਪਣੇ ਮੂਲ ਵਿਚਾਰ ਲਿਖ ਕੇ ਹੀ ਰਚਨਾ ਸ਼ੁਰੂ ਕਰਦਾ ਸੀ। ਇਹ ਤਿੰਨੇ ਪੱਖ ਕਲਗੀਧਰ ਮਹਾਰਾਜ ਦੀ ਇਸ ਰਚਨਾ ਵਿਚ ਉਘੜੇ ਨਜ਼ਰ ਆ ਰਹੇ ਹਨ ਜੋ ਕਿ ਲੜੀ ਵਾਰ ਇਸ ਤਰ੍ਹਾਂ ਹਨ:

ਚੰਡੀ ਦੀ ਵਾਰ (ਮੂਲ ਰਚਨਾ ਦਾ ਸਿਰਲੇਖ ਜੋ ਪ੍ਰਚਲਿਤ ਹੈ)

| | |
|---|---|
| **ੴ** | ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਸਿਰਜਿਆ ਪ੍ਰਮੇਸ਼ਰ ਦਾ ਮੰਗਲ ਸਰੂਪ ਹੈ। |
| **ਵਾਹਿਗੁਰੂ ਜੀ ਕੀ ਫ਼ਤਹਿ॥** | ਪ੍ਰਮੇਸ਼ਰ ਦੀ ਜੈ ਕਾਰ ਕੀਤੀ ਹੈ। |
| **ਸ੍ਰੀ ਭਗਉਤੀ ਜੀ ਸਹਾਇ॥** | (ਸ਼ਕਤੀ ਰੂਪ) ਮਹਾਂਕਾਲ ਜੀ ਸਹਾਈ ਹੋਣ। |
| **ਵਾਰ ਸ੍ਰੀ ਭਗਉਤੀ ਜੀ ਕੀ॥** | ਦਸਵੀਂ ਪਾਤਸ਼ਾਹੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) |
| **ਪਾਤਸ਼ਾਹੀ ੧੦॥** | ਦੀ ਰਚੀ ਵਾਰ ਸ੍ਰੀ ਭਗਉਤੀ ਜੀ ਕੀ। |

**ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥**
**ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈ ਸਹਾਇ॥**
**ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥**
**ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖ ਜਾਇ॥**
**ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ॥**
**ਸਭ ਥਾਈਂ ਹੋਇ ਸਹਾਇ॥੧॥**

**ਅਰਥ :-** ਸਭ ਤੋਂ ਪਹਿਲਾਂ (ਮੈਂ) ਮਹਾਂਕਾਲ ਰੂਪੀ ਵਾਹਿਗੁਰੂ ਨੂੰ ਸਿਮਰ ਕੇ ਗੁਰੂ ਨਾਨਕ (ਦੇਵ) ਜੀ ਨੂੰ ਧਿਆਉਂਦਾ ਹਾਂ। ਫਿਰ (ਗੁਰੂ) ਅੰਗਦ (ਦੇਵ ਜੀ), ਗੁਰੂ ਅਮਰਦਾਸ ਜੀ ਨੂੰ (ਧਿਆਉਂਦਾ ਹਾਂ ਕਿ ਮੇਰੇ) ਸਹਾਈ ਹੋਣ। (ਫਿਰ) ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿ ਰਾਇ ਜੀ ਨੂੰ ਸਿਮਰਦਾ ਹਾਂ ਕਿ ਮੇਰੇ ਸਹਾਈ ਹੋਣ। ਫਿਰ ਗੁਰੂ ਹਰਿਕ੍ਰਿਸ਼ਨ ਜੀ ਨੂੰ (ਧਿਆਉਣਾ ਚਾਹੀਦਾ ਹੈ ਜਿਸ ਦੇ ਦਰਸ਼ਨ ਕਰਨ ਨਾਲ ਹਰ ਪ੍ਰਕਾਰ ਦੇ ਦੁਖ ਨੱਸ ਜਾਂਦੇ ਹਨ। (ਗੁਰੂ) ਤੇਗ ਬਹਾਦਰ ਜੀ ਨੂੰ ਯਾਦ ਕਰਨਾ ਚਾਹੀਦਾ ਹੈ ਜਿਸ ਨਾਲ ਨੌਂ ਨਿਧੀਆਂ ਘਰ ਭੱਜੀਆਂ ਆਉਂਦੀਆਂ ਹਨ। ਹੇ ਸਤਿਗੁਰੂ ਜੀ ਸਭ ਥਾਂਈ ਸਹਾਈ ਹੋਣਾ।

ਅਕਾਲ ਪੁਰਖ ਵਾਹਿਗੁਰੂ, ਜਿਸ ਦੀ ਹਮੇਸ਼ਾ ਫਤਹਿ ਸਤਿਗੁਰੂ ਜੀ ਨੇ ਦਰਸਾਈ ਹੈ ਨੂੰ ਯਾਦ ਕਰਕੇ ਫਿਰ ਪਹਿਲੇ ਨੌਂ ਗੁਰੂਆਂ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਹੁਣ ਅਗਲੀ ਪਉੜੀ ਵਿਚ ਦਸ਼ਮੇਸ਼ ਪਿਤਾ ਆਪਣੇ ਵੀਚਾਰ ਪ੍ਰਗਟ ਕਰਦੇ ਹਨ।

**ਮੂਲ ੧ :-** ਖੰਡਾ ਪ੍ਰਿਥਮੈ ਸਾਜਕੈ ਜਿਨ ਸਭ ਸੈਸਾਰੁ ਉਪਾਇਆ॥

**ਅਰਥ :–** ਇਹ ਵਾਹਿਗੁਰੂ ਜੀ ਹਨ ਜਿਸ ਨੇ ਸਭ ਤੋਂ ਪਹਿਲਾਂ ਕਾਲ ਰੂਪੀ ਖੰਡਾ ਜਾਂ ਮੌਤ ਜਾਂ ਯਮਰਾਜ ਥਾਪ ਕੇ ਸਭ ਸੰਸਾਰ ਪੈਦਾ ਕੀਤਾ ਹੈ।

**ਮੂਲ ੨ :–** ਬ੍ਰਹਮਾ ਬਿਸਨ ਮਹੇਸ ਸਾਜਿ, ਕੁਦਰਤ ਦਾ ਖੇਲੁ ਰਚਾਇ ਬਣਾਇਆ॥

**ਅਰਥ :–** (ਫਿਰ ਪਰਮੇਸ਼ਰ ਨੇ) ਬ੍ਰਹਮਾ ਵਿਸ਼ਨੂੰ ਅਤੇ ਮਹੇਸ਼ (ਸ਼ਿਵ ਜੀ) ਪੈਦਾ ਕਰ ਕੇ ਕੁਦਰਤ ਦਾ ਵੱਡਾ ਖੇਲ ਰਚਾ ਦਿੱਤਾ।

**ਮੂਲ ੩ :–** ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨ ਰਹਾਇਆ॥

**ਅਰਥ :–** (ਫਿਰ) ਸਮੁੰਦਰ, ਪਹਾੜ, ਧਰਤੀ ਬਣਾ ਕੇ ਬਗੈਰ ਕਿਸੇ ਥੰਮ੍ਹ ਦੇ ਆਸਰੇ ਤੋਂ ਅਸਮਾਨ ਟਿਕਾ ਦਿੱਤਾ।

**ਮੂਲ ੪ :–** ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥

**ਅਰਥ :–** (ਵਾਹਿਗੁਰੂ ਜੀ ਤੁਸੀਂ ਫਿਰ) ਦੇਵਤੇ ਅਤੇ ਰਾਕਸ਼ ਪੈਦਾ ਕਰਕੇ ਉਨ੍ਹਾਂ ਦਾ ਆਪਸ ਵਿਚ ਭੇੜ ਪੁਆ ਦਿੱਤਾ।

**ਮੂਲ ੫ :–** ਤੈ ਹੀ ਦੁਰਗਾ ਸਾਜਿਕੈ ਦੈਤਾਂ ਦਾ ਨਾਸੁ ਕਰਾਇਆ॥

**ਅਰਥ :–** (ਫਿਰ) ਤੁਸੀਂ ਹੀ ਦੁਰਗਾ ਸਾਜਿਕੈ, ਦੈਤਾਂ ਦਾ ਨਾਸ਼ ਕਰ ਦਿੱਤਾ।

**ਮੂਲ ੬ :–** ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥

**ਅਰਥ :–** ਤੁਹਾਥੋਂ ਹੀ ਤਾਕਤ ਲੈ ਕੇ ਰਾਮ ਨੇ ਤੀਰਾਂ ਨਾਲ ਰਾਵਣ ਮਾਰ ਦਿੱਤਾ।

**ਮੂਲ ੭ :–** ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥

**ਅਰਥ :–** ਤੁਹਾਥੋਂ ਹੀ ਸ਼ਕਤੀ ਲੈ ਕੇ ਕ੍ਰਿਸ਼ਨ ਨੇ ਕੰਸ ਨੂੰ ਕੇਸਾਂ ਤੋਂ ਪਕੜ ਕੇ ਹੇਠਾਂ ਸੁੱਟ ਦਿੱਤਾ।

**ਮੂਲ ੮ :–** ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ॥

**ਅਰਥ :–** ਵੱਡੇ ਵੱਡੇ ਮੁਨਿ ਲੋਗ ਅਤੇ ਦੇਵਤੇ ਜਿਨ੍ਹਾਂ ਨੇ ਕਈ–ਕਈ ਜੁਗ ਤਪੱਸਿਆ ਕੀਤੀ।

**ਮੂਲ ੯ :–** ਕਿਨੀ ਤੇਰਾ ਅੰਤੁ ਨਾ ਪਾਇਆ॥ ੨॥ (ਦਸਮ ਗ੍ਰੰਥ ਅੰਗ ੭੧੯)

**ਅਰਥ :–** ਕੋਈ ਭੀ ਤੇਰਾ ਅੰਤ ਨਹੀਂ ਪਾ ਸਕਿਆ।

ਆਪਣੇ ਵੀਚਾਰ ਦੇਣ ਪਿੱਛੋਂ ਸਤਿਗੁਰੂ ਜੀ ਅੱਗੇ ਦੇਵੀ ਦਾ ਰਾਖਸ਼ਾਂ ਨਾਲ ਯੁੱਧ ਦਾ ਵਰਣਨ ਕਰਦੇ ਹਨ ਜੋ ਕਿ ਚੰਡੀ ਦੀ ਵਾਰ ਦਾ ਵਿਸ਼ਾ ਵਸਤੂ ਹੈ।

ਮੂਲ ਪਾਠ ਦੇ ਅੰਗ 5 ਤੋਂ ਹੁਣ ਕੋਈ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿੰਦੀ, ਜਦ ਗੁਰੂ ਸਾਹਿਬ ਆਪ ਦੱਸ ਰਹੇ ਹਨ ਕਿ ਮੈਂ ਉਸ ਪ੍ਰਮੇਸ਼ਰ ਦਾ ਪੁਜਾਰੀ ਹਾਂ ਜਿਸ ਨੇ ਦੁਰਗਾ ਸਾਜ ਕੇ, ਉਸ ਨੂੰ ਸ਼ਕਤੀ ਦੇ ਕੇ ਰਾਖਸ਼ਾਂ ਦਾ ਨਾਸ਼ ਕਰ ਦਿੱਤਾ ਤਾਂ ਫਿਰ ਕਲਗੀਧਰ ਮਹਾਰਾਜ ਨੂੰ ਦੇਵੀ ਪੂਜ ਕਹਿਣ ਵਾਲਿਆਂ ਦੀ ਮੱਤ ਨੂੰ ਕੀ ਕਹੀਏ? ਕਲਗੀਧਰ ਪਾਤਸ਼ਾਹ ਦੀ ਵਿਚਾਰਧਾਰਾ ਨਾਲ ਬਿਲਕੁਲ ਸਹੀ ਮੇਲ ਖਾਣ ਵਾਲਾ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਆਸਾ ਰਾਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਅੰਗ ੩੫੦ 'ਤੇ ਇਹ ਸ਼ਬਦ ਹੈ।

**ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ॥**
**ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ॥੧॥**
**ਕਿਆ ਉਪਮਾ ਤੇਰੀ ਆਖੀ ਜਾਇ॥**
**ਤੂੰ ਸਰਬੇ ਪੂਰਿ ਰਹਿਆ ਲਿਵ ਲਾਇ॥ ੧॥ ਰਹਾਉ**
**ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ॥**



**ਕਿਸ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ॥੨॥**
**ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥**
**ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥੩॥**
**ਰਤਨੁ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥**
**ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥ ੪॥**

ਇਸ ਤੋਂ ਸਿਧ ਹੁੰਦਾ ਹੈ ਕਿ ਗੁਰੂ ਨਾਨਕ ਸੱਚੇ ਪਾਤਸ਼ਾਹ ਤੋਂ ਲੈ ਕੇ ਕਲਗੀਧਰ ਮਹਾਰਾਜ ਤੱਕ ਦਸੋ ਗੁਰੂਆਂ ਦੀ ਇਕੋ ਵਿਚਾਰਧਾਰਾ, ਇਕੋ ਇਸ਼ਟ ਅਤੇ ਇਕੋ ਉਪਦੇਸ਼ ਸੀ। ਇਸੇ ਲਈ ਬਾਣੀ ਵਿਚ ਗੁਰੂ ਮਹਿਮਾਂ ਲਈ ਲਿਖਿਆ ਹੈ :

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਅੰਗ ੯੬੬**

ਔਰੰਗਜ਼ੇਬ ਦੇ ਸਪੁੱਤਰ ਬਹਾਦਰ ਸ਼ਾਹ ਦੇ ਦਰਬਾਰ ਵਿਚ ਜਦ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਇਕ ਮੌਲਵੀ ਨੇ ਕਰਾਮਾਤ ਦਿਖਾਣ ਲਈ ਕਿਹਾ ਤਾਂ ਮਹਾਰਾਜ ਦਾ ਉੱਤਰ ਸੀ ਪਹਿਲੀ ਕਰਾਮਾਤ ਪੈਸਾ ਹੈ ਜੋ ਮਨੁੱਖ ਨੂੰ, ਪਰਸੂ ਤੋਂ ਪਰਸਾ ਅਤੇ ਪਰਸ ਰਾਮ ਜੀ ਬਣਾ ਦਿੰਦਾ ਹੈ, ਦੂਸਰੀ ਕਰਾਮਾਤ ਰਾਜਸੀ ਤਾਕਤ ਹੈ ਜੋ ਇਕ ਮਿੰਟ ਵਿਚ ਕਿਸੇ ਨੂੰ ਮਾਲਾ ਮਾਲ ਕਰ ਦਿੰਦੀ ਹੈ ਅਤੇ ਕਿਸੇ ਦੀ ਹੋਂਦ ਖ਼ਤਮ ਕਰ ਦਿੰਦੀ ਹੈ ਅਤੇ ਤੀਸਰੀ ਸਭ ਤੋਂ ਵੱਡੀ ਕਰਾਮਾਤ ਤਲਵਾਰ ਹੈ ਜਿਸ ਦੇ ਅਧੀਨ ਪਹਿਲੀਆਂ ਦੋਨੋਂ ਕਰਾਮਾਤਾਂ ਹਨ। ਮਹਾਤਮਾ ਬੁੱਧ ਜੀ ਅਤੇ ਮਹਾਂਵੀਰ ਜੀ ਦੇ ਉਪਦੇਸ਼ਾਂ ਦਾ ਧਾਰਨੀ ਹੋ ਕੇ ਜਦ ਦੇਸ ਵਾਸੀਆਂ ਨੇ ਇਸ ਕਰਾਮਾਤ (ਤਲਵਾਰ) ਤੋਂ ਮੂੰਹ ਮੋੜ ਲਿਆ ਤਾਂ 1200 ਸਾਲ ਗ਼ੁਲਾਮੀ ਭੋਗਣੀ ਪਈ। ਜਦ ਦੇਸ ਵਾਸੀਆਂ ਦੀ ਮਾਨਸਿਕਤਾ ਇਹ ਬਣ ਗਈ :

**''ਧਰਮ ਹਮਾਰਾ ਤੋਲਣ ਤਕੜੀ ਨੰਗੀ ਕਰਦ ਕਬਹੂੰ ਨਹੀਂ ਪਕੜੀ।**

ਤਾਂ ਦਸਮੇਸ਼ ਪਿਤਾ ਨੇ ਹਰ ਇਕ ਸਿੱਖ ਲਈ ਸ਼ਸਤਰ ਧਾਰੀ ਹੋਣ ਦਾ ਹੁਕਮ ਦਿੱਤਾ।

**ਬਿਨਾ ਸ਼ਸਤਰ ਕੇਸੰ ਨਰੰ ਭੇਡ ਜਾਨੋ। ਪਕਰ ਕਾਨ ਤਾਂਹਿ ਕਿਤੂ ਲੈ ਸਿਧਾਨੋ॥**
**ਇਹੈ ਮੇਰੀ ਆਗਿਆ ਸੁਨੋ ਹੇ ਪਿਆਰੇ।**
**ਬਿਨਾ ਕੇਸ ਤੇਗੰ ਦਿਵੋ ਨਾ ਦੀਦਾਰੇ॥**
**ਇਹੈ ਮੋਰ ਬੈਨਾ ਮੰਨੈ ਜੁ ਸੋਈ॥ ਤਿਸੈ ਇਛ ਪੂਰੀ ਸਭੈ ਜਾਨ ਹੋਈ॥**
**(ਗੁਰ ਬਿਲਾਸ ਪਾ: ੧੦ ਕ੍ਰਿਤ ਸੁਖਾ ਸਿੰਘ)**

ਗੁਰੂ ਕੇ ਸਿੱਖਾਂ ਨੂੰ ਸ਼ਸਤਰਾਂ ਨਾਲ ਪਿਆਰ ਅਤੇ ਸਤਿਕਾਰ ਕਰਨ ਲਈ ਹੀ ਦਸਮੇਸ਼ ਜੀ ਨੇ ਹੇਠਲੇ ਸ਼ਬਦ ਲਿਖੇ

**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤਪਾਰਣ ਜੈ ਤੇਗੰ॥**
**"ਅਰੁ ਸਿਖ ਹੌਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮੈ ਤਬ ਜੂਝ ਮਰੋਂ॥ "੨੩੧॥**
**(ਚੰਡੀ ਚਰਿਤ੍ਰ ਦਸਮ ਗ੍ਰੰਥ)**

**''ਅਸਿ ਕ੍ਰਿਪਾਨ ਖੰਡੋ ਖੜਕ, ਤੁਪਕ ਤਬਰ ਅਰੁ ਤੀਰ॥**
**ਸੈਫ ਸਰੋਹੀ ਸੈਥੀ ਯਹੈ ਹਮਾਰੈ ਪੀਰ॥**
**ਕਾਲ ਤੁਹੀ ਕਾਲੀ ਤੁਹੀ–ਤੁਹੀ ਤੇਗ ਅਰ ਤੀਰ॥**

**ਤੁਹੀ ਨਿਸ਼ਾਨੀ ਜੀਤ ਕੀ ਆਜ ਤੁਹੀ ਜਗ ਬੀਰ॥ ''**

**(ਦਸਮ ਗ੍ਰੰਥ ਸ਼ਸ਼ਤਰ ਨਾਮ ਮਾਲਾ)**

ਗੁਰੂ ਕੇ ਖਾਲਸੇ ਨੇ ਜਦ ਕਲਗੀਧਰ ਪਿਤਾ ਦਾ ਹੁਕਮ ਮੰਨ ਕੇ ਸ਼ਸਤਰ ਧਾਰੀ ਹੋ ਕੇ ਇਹ ਕਰਾਮਾਤ ਵਰਤੀ ਤਾਂ ਦੇਸ਼ ਦੀ ਕਿਸਮਤ ਬਦਲ ਦਿੱਤੀ। ਜੋ ਕਿ ਇਤਿਹਾਸ ਦੇ ਪੱਤਰਿਆਂ ਤੇ ਸੋਨੇ ਵਾਂਗ ਚਮਕ ਰਿਹਾ ਹੈ। ਜਿਸ ਨੂੰ ਪੜ੍ਹ ਸੁਣ ਕੇ ਦੁਸ਼ਮਣ ਭੀ ਮੂੰਹ ਵਿਚ ਉਂਗਲਾਂ ਪਾਉਂਦੇ ਹਨ ਅਤੇ ਅਸਚਰਜ ਹੁੰਦੇ ਹਨ।

ਇਸ ਤੋਂ ਇਲਾਵਾ ਦਸਮ ਗ੍ਰੰਥ ਦੀਆਂ ਬੀੜਾਂ ਵਿਚ ਸ਼ਸ਼ਤਰ ਨਾਮ ਮਾਲਾ ਦੇ ਅਧਿਆਇ ਵਿਚ ਇਕ ਭਗੌਤੀ ਸਤੋਤ੍ਰ ਦਰਜ ਹੈ ਜਿਸ ਤੋਂ ਸਾਰੀ ਗੱਲ ਸਾਫ਼ ਹੋ ਜਾਂਦੀ ਹੈ ਕਿ ਕਲਗੀਧਰ ਪਿਤਾ ਦੀ ਭਗਉਤੀ ਕਿਹੜੀ ਹੈ।

**ਭਗੌਤੀ ਸਤੋਤ੍ਰ**

**ਨਮੋ ਸ੍ਰੀ ਭਗੌਤੀ ਬਢੈਲੀ ਸਰੋਹੀ॥ ਕਰੈ ਏਕ ਤੈ ਦ੍ਵੈ ਸੁਭਟ ਹਾਥ ਸੋਹੀ॥**

(ਮੇਰੀ ਸਰੋਹੀ ਨਗਰ ਦੀ ਬਣੀ ਤਲਵਾਰ ਨੂੰ ਨਮਸਕਾਰ ਹੈ ਜੋ ਜੰਗ ਵਿਚ ਦੁਸ਼ਮਨ ਦੇ ਇਕ ਤੋਂ ਦੋ ਟੁਕੜੇ ਕਰ ਦਿੰਦੀ ਹੈ ਅਤੇ ਜੋ ਸ਼ੁਭ ਪੁਰਸ਼ਾਂ ਦੇ ਹੱਥ ਵਿਚ ਸੋਂਹਦੀ ਹੈ)

**ਨਮੋ ਲੋਹ ਕੀ ਪੁਤ੍ਰਿਕਾ ਝਲਹ ਲੰਤੀ॥ ਨਮੋ ਜੀਭ ਜੁਆਲਾਮੁਖੀ ਜਯੋ ਬਲੰਤੀ॥**

(ਲੋਹੇ ਦੀ ਪੁਤ੍ਰੀ ਅਤੇ ਝਿਲਮਿਲ ਲਿਸ਼ਕਣ ਵਾਲੀ ਅਤੇ ਜੁਆਲਾ ਦੀ ਜੀਭ ਵਾਂਗ ਲਿਸ਼ਕਾਰੇ ਮਾਰਨ ਵਾਲੀ ਨੂੰ ਮੇਰੀ ਨਮਸ਼ਕਾਰ ਹੈ)

**ਮਹਾਂ ਪਾਨ ਕੀ ਬਾਨ ਗੰਗਾ ਤਰੰਗੀ॥ ਭਿਰੈ ਸਾਮੁਹੈ ਮੋਖਦਾਤੀ ਅਭੰਗੀ॥**

(ਗੰਗਾ ਦੀਆਂ ਲਹਿਰਾਂ ਵਾਂਗ ਮੈਦਾਨ ਵਿਚ ਚਲਣ ਵਾਲੀ ਹੈ ਅਤੇ ਜੋ ਜੰਗ ਵਿਚ ਇਸ ਨੂੰ ਹੱਥ ਵਿਚ ਲੈ ਕੇ ਸਨਮੁਖ ਹੋ ਕੇ ਜੂਝਦਾ ਹੈ ਉਸ ਨੂੰ ਮੁਕਤੀ ਦਿੰਦੀ ਹੈ)

**ਨਮੋ ਤੇਗ ਤਰਵਾਰ ਸ੍ਰੀ ਖਗ ਖੰਡਾ॥ ਮਹਾਂ ਰੁਦਰ ਰੂਪਾ ਵਿਰੂਪਾ ਪ੍ਰਚੰਡਾ॥**

(ਨਮਸ਼ਕਾਰ ਹੈ ਤੇਗ਼ ਤਲਵਾਰ ਖੜਗ ਅਤੇ ਖੰਡੇ ਨੂੰ ਜੋ ਦੁਸ਼ਮਨ ਲਈ ਸ਼ਿਵ ਦਾ ਪ੍ਰਚੰਡ ਰੂਪ ਹੋ ਜਾਂਦਾ ਹੈ)

**ਮਹਾਂ ਤੇਜ ਖੰਡਾ ਦੁਖੰਡਾ ਦੁਧਾਰਾ॥ ਸਭੈ ਸ਼ਤਰ ਬਨ ਕੋ ਤਨ ਕੋ ਮਹਾਂਭੀਮ ਆਰਾ॥**
**ਮਹਾਂ ਕਾਲਿਕਾ ਕਾਲ ਕੋ ਕਾਲ ਹੰਤੀ॥ ਮਹਾਂ ਅਸਤ੍ਰ ਤੁਹੀ ਤੁਹੀ ਸ਼ਤ੍ਰ ਹੰਤੀ॥**

(ਤੂੰ ਦੁਨੀਆਂ ਵਿਚ ਜੋ ਲੋਕਾਂ ਦਾ ਕਾਲ ਬਣ ਜਾਂਦਾ ਹੈ ਉਸ ਦਾ ਭੀ ਕਾਲ ਰੂਪ ਹੈ, ਦੁਸ਼ਮਣ ਨੂੰ ਖ਼ਤਮ ਕਰਨ ਲਈ ਵੱਡਾ ਹਥਿਆਰ ਹੈਂ)

ਅਗੇ ਜਾ ਕੇ ਇਸ ਸਤੋਤਰ ਵਿਚ ਪਾਤਸ਼ਾਹ ਲਿਖਦੇ ਹਨ :-

**ਜੋਊ ਮਜਾਨ ਤੇ ਬੀਰ ਤੋ ਕੋ ਸੜੱਕੈ॥ ਪ੍ਰਲੈ ਕਾਲ ਕੈ ਸਿੰਧ ਬੱਕੈ ਕੱੜਕੈ॥**

(ਜਦ ਮਿਆਨ ਵਿਚੋਂ ਸੂਰਮੈ ਤੈਨੂੰ ਕੱਢਦੇ ਹਨ, ਪਰਲੋ ਆ ਜਾਂਦੀ ਹੈ ਅਤੇ ਪ੍ਰਬਤ ਕੰਬਦੇ ਹਨ)

**ਧਸੈ ਖੇਤ ਮੇ ਹਾਥ ਲੈ ਤੋਹਿ ਸੂਰੇ॥ ਭਿਰੈ ਸਾਮੁਹੇ ਸਿਧ ਸਾਵੰਤ ਪੂਰੇ॥**
**ਸਮਰ ਸਾਮੁਹੇ ਸੀਸ ਤੋਂ ਪੈ ਚੜ੍ਹਾਵੈ॥ ਮਹਾਂ ਭੂਪ ਹ੍ਵੈ ਔਤਰੈ ਰਾਜ ਪਾਵੈ॥**

(ਜੰਗ ਵਿਚ ਜੋ ਕੋਈ ਸਾਹਮਣੇ ਹੋ ਕੇ ਤਲਵਾਰ ਨੂੰ ਸੀਸ ਭੇਟ ਕਰਦਾ ਹੈ ਭਾਵ ਸ਼ਹੀਦੀ ਪਾਉਂਦਾ ਹੈ ਅਗਲੇ ਜਨਮ ਵਿਚ ਵੱਡਾ ਮਹਾਰਾਜਾ ਬਣ ਕੇ ਸੰਸਾਰ ਤੇ ਆਉਂਦਾ ਹੈ)

**ਤੁਮ ਹੈਂ ਪੂਜ ਹੈਂ ਬੀਰ ਬਾਨੈਤ ਛਤ੍ਰੀ॥ ਮਹਾਂ ਖੜਕ ਧਾਰੀ ਮਹਾਂ ਤੇਜ ਅਤ੍ਰੀ॥**



**ਪੜ੍ਹੈ ਪ੍ਰੀਤਿ ਸੋ ਪ੍ਰਾਤ ਅਸਤੋਤ੍ਰ ਯਾ ਕੋ॥**
**ਕਰੈਂ ਰੁਦਰ ਕਾਲੀ ਨਮਸਕਾਰ ਤਾਂ ਕੋ॥**

(ਜੋ ਇਹ ਸਤੋਤਰ ਸੁਬਹ ਦੇ ਸਮੇਂ ਪਿਆਰ ਨਾਲ ਪੜ੍ਹੇਗਾ ਸ਼ਿਵ ਜੀ ਅਤੇ ਕਾਲੀ ਦੇਵੀ ਉਸ ਨੂੰ ਨਮਸ਼ਕਾਰ ਕਰਨਗੇ)

**ਰੁਧਰ ਮਜਨੀ ਬਿਜਨੀ ਹੈ ਸਗੌਤੀ॥ ਸਦਾ ਜੈ ਸਦਾ ਜੈ ਬਦਾ ਜੋ ਭਗੌਤੀ॥**

(ਦੁਸ਼ਮਨ ਦੇ ਲਹੂ ਨਾਲ ਇਸ਼ਨਾਨ ਕਰਨ ਵਾਲੀ, ਬਿਜਲੀ ਵਾਂਗ ਚਮਕਣ ਵਾਲੀ ਹੈ ਤਲਵਾਰ ਤੇਰੀ ਸਦਾ ਜੈ ਸਦਾ ਜੈ ਸਦਾ ਜੈ ਹੋਵੇ)

ਅਖੀਰ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਮਾਤਮਾ ਅਗੇ ਬੇਨਤੀ ਕਰਦੇ ਹੋਇ ਆਖਦੇ ਹਨ।

**ਸਦਾ ਦਾਹਿਨੇ ਦਾਸ ਕੋ ਦਾਨ ਕੀਜੈ॥ ਗੁਰੂ ਸ਼ਾਹ ਗੋਬਿੰਦ ਕੀ ਰੱਖ ਕੀਜੈ॥**

(ਹੇ ਪ੍ਰਮੇਸ਼ਰ ਜੀ ਹਮੇਸ਼ਾਂ ਮੇਰੇ ਸਜੇ ਹੱਥ ਵਿਚ ਇਹ ਕ੍ਰਿਪਾਨ ਸਜੀ ਰਹੇ ਅਤੇ ਇਸ ਤਰ੍ਹਾਂ ਕਰ ਕੇ ਮੇਰੀ ਲਾਜ ਰੱਖ ਲਓ ਜੀ)

(ਭਾਈ ਕਾਨ੍ਹ ਸਿੰਘ ਜੀ ਦੀ ਪੁਸਤਕ ''ਗੁਰਮਤਿ ਸੁਧਾਕਰ'' ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਛਾਪ ਮਈ 2005 ਦੇ ਪੰਨਾ 70 'ਤੇ ਇਹ ਸਤੋਤ੍ਰ ਦਰਜ ਹੈ)

ਅਜੇ ਭੀ ਕੋਈ ਸ਼ੰਕਾ ਹੈ ਕਿ ਚੰਡੀ ਦੀ ਵਾਰ ਦੇ ਕਰਤਾ ਦਸ਼ਮੇਸ਼ ਪਿਤਾ ਨੇ ਪ੍ਰਿਥਮੇ ਕਿਹੜੀ ਭਗੌਤੀ ਸਿਮਰ ਕੇ ਚੰਡੀ ਦੀ ਵਾਰ ਲਿਖਣੀ ਸ਼ੁਰੂ ਕੀਤੀ ਸੀ?

ਚੰਡੀ ਦੀ ਵਾਰ ਅਤੇ ਹੋਰ ਚੌਬੀਸ ਅਵਤਾਰਾਂ ਦੀਆਂ ਕਥਾਵਾਂ ਜੋ ਕਲਗੀਧਰ ਮਹਾਰਾਜ ਨੇ ਸੰਸਕ੍ਰਿਤ ਬੋਲੀ ਤੋਂ ਬ੍ਰਜ ਵਿਚ ਰੂਪਾਂਤਰ ਕੀਤੀਆਂ, ਹੁਣ ਅਨਮਤੀਏ ਗੁਰੂ ਸਾਹਿਬ ਨੂੰ ਇਨ੍ਹਾਂ ਦਾ ਉਪਾਸ਼ਕ ਪ੍ਰਚਾਰ ਰਹੇ ਹਨ। ਜਦ ਕਿ ਗੁਰੂ ਸਾਹਿਬ ਨੇ ਹਰ ਇਕ ਅਜੇਹੀ ਰਚਨਾ ਬਾਰੇ ਆਪਣੇ ਵੀਚਾਰ ਨਾਲ ਹੀ ਲਿਖ ਦਿੱਤੇ। ਰਾਮਾ ਅਵਤਾਰ ਦੀ ਕਥਾ ਦਾ ਰੂਪਾਂਤਰ ਕਰ ਕੇ ਲਿਖ ਦਿੱਤਾ :-

**ਪਾਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀ ਆਨਜੋ॥**
**ਰਾਮ ਰਹੀਮ ਪੁਰਾਨ ਕੁਰਾਨ, ਅਨੇਕ ਕਹੈਂ ਮਤ ਏਕ ਨਾ ਮਾਨਜੋ॥**

ਇਸੇ ਤਰ੍ਹਾਂ ਕ੍ਰਿਸ਼ਨਾ ਅਵਤਾਰ ਦੀ ਕਥਾ ਲਿਖ ਕੇ ਲਿਖ ਦਿੱਤਾ :

**ਮੈ ਨ ਗਨਸ਼ਹਿ ਪ੍ਰਿਥਮ ਮਨਾਊਂ, ਕਿਸਨ ਬਿਸਨੁ ਕਬਹੂੰ ਨਾ ਧਿਆਊਂ॥**
**ਕਾਨ ਸੁਨੇ ਪਹਿਚਾਨ ਨ ਤਿਨ ਸੋ, ਸੋ ਲਿਵ ਲਾਗੀ ਮੇਰੀ ਪਗ ਇਨ ਸੌਂ॥**

**ਕ੍ਰਿਸ਼ਨਾਵਤਾਰ ੨੧੭**

**ਜੋ ਚੋਬੀਸ ਅਵਤਾਰ ਕਹਾਏ, ਤਿਨ ਭੀ ਤੁਮ ਪ੍ਰਭੂ ਤਨਿਕ ਨ ਪਾਯੇ॥**
**ਸਭ ਹੀ ਜਗ ਭਰਮੇ ਭਵਰਾਯੰ, ਤਾਂ ਤੇ ਨਾਮ ਬਿਅੰਤ ਕਹਾਯੰ॥**
**ਬ੍ਰਹਮਾਦਿਕ ਸਭ ਹੀ ਪਚ ਹਾਰੇ, ਬਿਸ਼ਨ ਮਹੇਸ਼੍ਵਰ ਕਵਨ ਬਿਚਾਰੇ॥**
**ਚੰਦ ਸੂਰ ਜਿਨ ਕਰੇ ਬਿਚਾਰਾ, ਤਾਂ ਤੇ ਜਨੀਯਤ ਹੈ ਕਰਤਾਰਾ॥੧੯੯॥**

ਜੇ ਕਿਸੇ ਦੀ ਰਚਨਾ ਦਾ ਕਿਸੇ ਦੂਸਰੀ ਬੋਲੀ ਵਿਚ ਉਲੱਥਾ ਕਰਨ ਲਈ ਕੋਈ ਉਸ ਦਾ ਉਪਾਸ਼ਕ ਬਣ ਗਿਆ ਮੰਨ ਲਈਏ, ਤਾਂ ਫਿਰ ਸੰਤ ਵਿਨੋਵਾ ਭਾਵੇ, ਓਸ਼ੋ ਰਜਨੀਸ਼, ਖੁਆਜਾ ਦਿਲ ਮਹੁੰਮਦ ਜਿਨ੍ਹਾਂ ਨੇ ਜਪੁਜੀ ਸਾਹਿਬ ਅਤੇ ਹੋਰ ਬਾਣੀਆਂ ਦਾ ਅੰਗ੍ਰਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਉਲੱਥਾ ਕੀਤਾ ਸਭ ਸਿਖ ਗਿਣੇ ਜਾਣੇ ਚਾਹੀਦੇ ਹਨ,

ਪਰ ਇਸ ਤਰ੍ਹਾਂ ਨਹੀਂ। ਇਨ੍ਹਾਂ ਸਾਰਿਆਂ ਦੀ ਆਪਣੀ ਅਲੱਗ ਪਹਿਚਾਣ ਬਣੀ ਰਹੀ। ਤਾਂ ਤੇ ਕਲਗੀਧਰ ਮਹਾਰਾਜ ਨੂੰ ਸਨਾਤਨ ਧਰਮ ਦੀਆਂ ਇਨ੍ਹਾਂ ਪੁਸਤਕਾਂ ਦਾ ਉਲੱਥਾ ਜਾਂ ਰੂਪਾਂਤਰ ਕਰਨ ਕਰਕੇ ਇਨ੍ਹਾਂ ਦਾ ਉਪਾਸ਼ਕ ਕਹਿਣਾ ਅਗਿਆਨਤਾ ਦੇ ਪ੍ਰਗਟਾਵੇ ਤੋਂ ਸਿਵਾ ਹੋਰ ਕੁਛ ਨਹੀਂ ਕਿਹਾ ਜਾ ਸਕਦਾ।

ਹੁਣ ਉਨ੍ਹਾਂ ਪੁਸਤਕਾਂ ਦਾ, ਜਿਨ੍ਹਾਂ ਨੂੰ ਅਧਾਰ ਬਣਾ ਕੇ ਪੰਥ ਵਿਰੋਧੀ ਤਾਕਤਾਂ ਐਸਾ ਕੂੜ ਪ੍ਰਚਾਰ ਕਰ ਰਹੀਆਂ ਹਨ, ਦਾ ਮੁਲਾਂਕਣ ਕਰ ਲੈਣਾ ਭੀ ਜ਼ਰੂਰੀ ਹੈ। ਇਨ੍ਹਾਂ ਵਿਚ ਸਭ ਤੋਂ ਪ੍ਰਮੁੱਖ ਨਾਉਂ ਹੈ ''ਬੰਸਾਵਲੀ ਨਾਮਾ ਦਸਾਂ ਪਾਤਸਾਹੀਆਂ ਕਾ'' ਕ੍ਰਿਤ ਕੇਸਰ ਸਿੰਘ ਛਿੱਬਰ ਦਾ ਹੈ। ਇਹ ਪੁਸਤਕ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਛਪਾਈ ਹੈ ਅਤੇ ਸੰਪਾਦਕ ਡਾ. ਰਤਨ ਸਿੰਘ ਜੱਗੀ ਹੈ। ਇਹ ਆਪਣੇ ਆਪ ਨੂੰ ਭਾਈ ਮਤੀ ਦਾਸ ਦਾ ਦੋਹਤਾ ਦੱਸਦਾ ਹੈ ਅਤੇ ਪੁਸਤਕ ਸੰਮਤ ੧੮੨੯ ਵਿਚ ਪੂਰੀ ਕੀਤੀ ਹੈ। ਇਸ ਪੁਸਤਕ ਵਿਚ ਦੇਵੀ ਪ੍ਰਗਟ ਹੋਣ ਦੀ ਜੋ ਨਿਰਮੂਲ ਮਨ ਘੜੰਤ ਕਹਾਣੀ ਲਿਖੀ ਹੈ। ਉਸ ਦਾ ਸਾਰੰਸ਼ ਇਸ ਤਰ੍ਹਾਂ ਹੈ।

ਸੰਮਤ ੧੭੩੩ ਵਿਚ ਪੰਡਤ ਦੇਵੀ ਦਿਤਾ ਰੋਜ਼ ਦਰਬਾਰ ਵਿਚ ਕਥਾ ਕਰਿਆ ਕਰਦਾ ਸੀ। ਕਥਾ ਕਰਦੇ ਜਦ ਇਹ ਬ੍ਰਿਤਾਂਤ ਆਇਆ ਕਿ ਭੀਮ ਸੈਨ ਨੇ ਦੈਤਾਂ ਨੂੰ ਮਾਰਨ ਲਈ ਜਦ ਹੋਰ ਕੁਛ ਨਾ ਚਲਿਆ ਤਾਂ ਹਾਥੀ ਵਗ੍ਹਾ-ਵਗ੍ਹਾ ਮਾਰੇ। ਕਲਗੀਧਰ ਨੇ ਪੁਛਿਆ ਕਿ ਭੀਮ ਸੈਨ ਵਿਚ ਐਨਾ ਬਲ ਕਿਸ ਤਰ੍ਹਾਂ ਆ ਗਿਆ ਤਾਂ ਦੇਵੀ ਦਿਤਾ ਨੇ ਕਿਹਾ ਕਿ ਭੀਮ ਸੈਨ ਨੇ ਹੋਮ ਜੱਗ ਕਰਕੇ ਇਕ ਲੱਖ ਬ੍ਰਾਹਮਣਾਂ ਨੂੰ ਭੋਜਨ ਕਰਾਇਆ, ਵੇਦਾਂ ਸ਼ਾਸਤਰਾਂ ਵਿਚ ਇਹੋ ਲਿਖਿਆ ਹੈ। ਗੁਰੂ ਸਾਹਿਬ ਨੇ ਕਿਹਾ ਕਿ ਅਸੀਂ ਭੀ ਅਜੇਹਾ ਜੱਗ ਕਰਵਾਉਣਾ ਚਾਹੁੰਦੇ ਹਾਂ ਜਿਸ ਨਾਲ ਇੰਨੀ ਤਾਕਤ ਮਿਲੇ, ਨਾਲ ਹੀ ਭਵਾਨੀ ਸਾਖਿਆਤ ਪ੍ਰਗਟ ਹੋਵੇ। ਦੇਵੀ ਦਿਤਾ ਨੇ ਉੱਤਰ ਦਿੱਤਾ ਕਿ ਜੱਗ ਹੋਮ ਤਾਂ ਮੈਂ ਕਰ ਸਕਦਾ ਹਾਂ ਪਰ ਭਵਾਨੀ ਪ੍ਰਗਟ ਕਰਨ ਲਈ ਤੁਸੀਂ ਕਾਂਸ਼ੀ, ਕਸ਼ਮੀਰ ਜਾਂ ਹੋਰ ਥਾਉਂ ਤੋਂ ਬ੍ਰਾਹਮਣ ਬੁਲਾ ਲਉ। ਗੁਰੂ ਸਾਹਿਬ ਨੇ ਜਗ੍ਹਾ ਜਗ੍ਹਾ ਤੋਂ ਬ੍ਰਾਹਮਣ ਬੁਲਾਏ ਅਤੇ ਉਨ੍ਹਾਂ ਦੀ ਨੈਤਿਕਤਾ ਪਰਖਣ ਲਈ ਸਭ ਨੂੰ ਮਾਸ ਖਾਣ ਅਤੇ ਸ਼ਰਾਬ ਪੀਣ ਲਈ ਕਿਹਾ ਅਤੇ ਨਾਲ ਹੀ 100 ਰੁ: ਦੇਣ ਦਾ ਲਾਲਚ ਭੀ ਦਿੱਤਾ। ਸਾਰੇ ਇੱਕਠ ਵਿਚੋਂ ਸਿਰਫ ਤਿੰਨ ਬ੍ਰਾਹਮਣ ਹਰਿ ਦਾਸ, ਹਰਿ ਭਗਵਾਨ ਅਤੇ ਲਛਮੀ ਰਾਮ ਨਿਕਲੇ ਜਿਨ੍ਹਾਂ ਨੇ ਲਾਲਚ ਤੋਂ ਉਪਰ ਉਠ ਕੇ ਮਾਸ ਖਾਣਾ ਪ੍ਰਵਾਨ ਨਾ ਕੀਤਾ। ਇਕ ਲੱਖ ਰੁ: ਗੁਰੂ ਸਾਹਿਬ ਦਾ ਇਸ ਪਰਖ ਤੇ ਲੱਗਾ। ਇਨ੍ਹਾਂ ਤਿੰਨਾਂ ਬ੍ਰਾਹਮਣਾਂ ਦਾ ਧਰਮ ਪਰਖਣ ਲਈ, ਮਾਸ ਨਾ ਖਾਣ ਬਦਲੇ ਕਤਲ ਕਰਨ ਦਾ ਹੁਕਮ ਦੇ ਕੇ ਸਿੱਖਾਂ ਦੇ ਹਵਾਲੇ ਕਰ ਦਿੱਤਾ ਅਤੇ ਨਾਲ ਹੀ ਸਿੱਖਾਂ ਨੂੰ ਗੁਪਤ ਤੌਰ ਤੇ ਕਿਹਾ ਕਿ ਜੇ ਇਹ ਧਰਮ ਵਿਚ ਪੱਕੇ ਰਹਿ ਕੇ ਮਰਨ ਨੂੰ ਤਿਆਰ ਹੋ ਜਾਣ ਤਾਂ ਮਾਰਨਾ ਨਹੀਂ ਵਾਪਸ ਸਾਡੇ ਕੋਲ ਲੈ ਆਣਾ। ਜਦ ਸਿੱਖਾਂ ਨੇ ਇਨ੍ਹਾਂ ਨੂੰ ਧਰਮ ਦੇ ਪੱਕੇ ਦੇਖਿਆ ਤਾਂ ਗੁਰੂ ਸਾਹਿਬ ਕੋਲ ਲੈ ਆਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਉਚੇ ਆਸਣ ਤੇ ਬਿਠਾ ਕੇ ਚਰਨ ਧੁਆਏ ਅਤੇ ਉਨ੍ਹਾਂ ਦਾ ਚਰਨਾਮ੍ਰਿਤ ਪੀਤਾ। ਬ੍ਰਾਹਮਣਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਮਹਾਰਾਜ ਪਹਿਲਾਂ ਤਾਂ ਤੁਸੀਂ ਸਾਨੂੰ ਮਾਰਨ ਦਾ ਹੁਕਮ ਦਿੱਤਾ, ਹੁਣ ਸਾਡੇ ਪੈਰ ਧੁਆ ਕੇ ਉਹ ਪਾਣੀ ਪੀਤਾ ਹੈ ਇਸ ਦਾ ਕਾਰਨ ਕੀ ਹੈ ? ਤਾਂ ਮਹਾਰਾਜ ਨੇ ਉੱਤਰ ਦਿੱਤਾ ਕਿ ਅਸੀਂ ਤੁਹਾਡੀ ਸਿਰਫ਼ ਪਰਖ ਕਰਨੀ ਸੀ। ਹੁਣ ਸਾਨੂੰ ਯਕੀਨ ਆ ਗਿਆ ਕਿ



ਤੁਸੀਂ ਆਪਣੇ ਧਰਮ ਵਿਚ ਪਰਪੱਕ ਹੋ ਅਤੇ ਸਾਡਾ ਪ੍ਰਯੋਜਨ ਭਵਾਨੀ ਪ੍ਰਗਟ ਕਰਨ ਯੋਗ ਹੈ।

ਸੰਮਤ ੧੭੩੪ ਵਿਚ ਗੁਰੂ ਮਹਾਰਾਜ ਜੀ ਨੇ ਇਨ੍ਹਾਂ ਤਿੰਨਾਂ ਤੋਂ ਇਲਾਵਾ ਦੇਸ਼ ਪਰਦੇਸ਼ ਤੋਂ ਬਹੁਤ ਸਾਰੇ ਬ੍ਰਾਹਮਣ ਇਕੱਠੇ ਕੀਤੇ ਬਹੁਤ ਸਾਰੀ ਸਾਮੱਗਰੀ ਹੋਮ ਲਈ ਅਤੇ ਦਸ ਹਜ਼ਾਰ ਸਫੈਦ ਪੁਸ਼ਾਕਾਂ ਬ੍ਰਾਹਮਣਾਂ ਲਈ ਮੰਗਵਾਈਆਂ। ਜਦ ਸਭ ਤਿਆਰੀ ਹੋ ਗਈ ਬ੍ਰਾਹਮਣਾਂ ਨੇ ਇੱਡਾ ਵੱਡਾ ਇਕੱਠ ਅਤੇ ਹੋਮ ਕਰਨ ਦਾ ਕਾਰਨ ਪੁੱਛਿਆ ਤਾਂ ਮਹਾਰਾਜ ਨੇ ਉੱਤਰ ਦਿੱਤਾ ਕਿ ਦੇਵੀ ਪ੍ਰਗਟ ਕਰਨੀ ਹੈ। ਇਸ ਤੇ ਸਭ ਨੇ ਆਪਣੀ ਅਸਮਰਥਾ ਦਰਸਾਈ ਤਾਂ ਗੁਰੂ ਸਾਹਿਬ ਨੇ ਸਭ ਨੂੰ ਵਾਪਸ ਜਾਣ ਦਾ ਆਦੇਸ਼ ਦਿੱਤਾ। ਬ੍ਰਾਹਮਣ ਸ਼ਰਮ ਦੇ ਮਾਰੇ ਜਾਣ ਨੂੰ ਤਿਆਰ ਨ ਹੋਏ ਕਿ ਦੁਨੀਆਂ ਸਾਨੂੰ ਕੀ ਕਹੇਗੀ। ਸੋ ਵਰਤ ਰੱਖ ਕੇ ਬ੍ਰਹਮਾ ਜੀ ਅੱਗੇ ਬਿਨਤੀਆਂ ਕਰਨ ਲੱਗੇ। ਤਿੰਨ ਦਿਨ ਪਿੱਛੋਂ ਅਕਾਸ਼ਬਾਣੀ ਹੋਈ ਕਿ ਕਾਲਿਕਾ ਦਾਸ ਬ੍ਰਾਹਮਣ ਭਵਾਨੀ ਪ੍ਰਗਟ ਕਰ ਸਕਦਾ ਹੈ। ਤਾਂ ਬ੍ਰਾਹਮਣਾਂ ਨੇ ਜਾ ਕੇ ਇਸ ਬਾਰੇ ਗੁਰੂ ਸਾਹਿਬ ਨੂੰ ਦੱਸਿਆ।

ਇਸ ਤੇ ਗੁਰੂ ਸਾਹਿਬ ਨੇ ਕਾਲਿਕਾ ਦਾਸ ਨੂੰ ਬੁਲਾ ਲਿਆ। ਇਸ ਤੋਂ ਅਗੇ ਬਹੁਤ ਲੰਬੀ ਵਾਰਤਾ ਕਾਲਿਕਾ ਦਾਸ ਦੀ ਅਤੇ ਗੁਰੂ ਸਾਹਿਬ ਦੀ ਪੁਸਤਕ ਦੇ ਕਰਤਾ ਨੇ ਕਰਾਈ ਹੈ ਜਿਸ ਵਿਚ ਕਾਲਿਕਾ ਦਾਸ ਨੂੰ ਬੜਾ ਗਿਆਨਵਾਨ ਅਤੇ ਸਮਰਥ ਦਿਖਾਇਆ ਗਿਆ ਅਤੇ ਉਸ ਦੇ ਸਾਹਮਣੇ ਗੁਰੂ ਸਾਹਿਬ ਨੂੰ ਤੁੱਛ ਬੁੱਧੀ ਵਾਲੇ ਅਗਿਆਨੀ ਪੁਰਸ਼ ਦਿਖਾਇਆ ਗਿਆ ਹੈ ਅਤੇ ਗੁਰੂ ਸਾਹਿਬ ਨੂੰ ਬੜਾ ਵਚਿੱਤਰ ਉਪਦੇਸ਼ ਕਾਲਿਕਾ ਦਾਸ ਦੇ ਰਿਹਾ ਹੈ।

ਇਸ ਉਪਰੰਤ ਕਾਲਿਕਾ ਦਾਸ ਨੇ ਗੁਰੂ ਮਹਾਰਾਜ ਦਾ ਇਸ਼ਨਾਨ ਕਰਾ ਕੇ ਨਵਾਂ ਜਨੇਊ ਪੁਆਇਆ ਅਤੇ ਕਨਾਤ ਤਾਣ ਕੇ ਅੰਦਰ ਗੁਰੂ ਮਹਾਰਾਜ ਕਾਲਿਕਾ ਦਾਸ ਅਤੇ ਤਿੰਨ ਹੋਰ ਬ੍ਰਾਹਮਣ ਗਏ ਬਾਕੀ ਬ੍ਰਾਹਮਣ ਅਤੇ ਸੰਗਤ ਬਾਹਰ ਬੈਠੀ। ਚਾਲੀ ਦਿਨ ਇਕ ਚੌਂਕੜੇ ਤੇ ਸਾਰਿਆਂ ਨੇ ਹਵਨ ਕੀਤਾ ਅਤੇ ਓਅੰਕਾਰ ਦਾ ਜਾਪ ਕੀਤਾ। ਚਾਲੀ ਦਿਨ ਪਿੱਛੋਂ ਕਾਲਿਕਾ ਦਾਸ ਨੇ ਕਿਹਾ ਕਿ ਦੇਵੀ ਪ੍ਰਗਟ ਹੋਣ ਵਾਲੀ ਹੈ ਜੋ ਵਰ ਚਾਹੋ ਮੰਗ ਲੈਣਾ। ਇਸ ਤੋਂ ਅਗੇ ਇਹ ਦੁਹਰਾ ਲਿਖਿਆ ਹੈ :

**ਦੋਹਰਾ ਮ: ੧੦**

**ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ॥**
**ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ॥**

ਇਸ ਪਿਛੋਂ ਦੇਵੀ ਪ੍ਰਗਟ ਹੋਈ ਪਰ ਗੁਰੂ ਸਾਹਿਬ ਉਸ ਦਾ ਝਲਕਾਰਾ ਝੱਲ ਨਹੀਂ ਸੱਕੇ ਬੇ-ਸੁੱਧ ਹੋ ਗਏ। ਕਾਲਿਕਾ ਦਾਸ ਕਹਿਣ ਲੱਗਾ ਕਿ ਦੇਵੀ ਨੂੰ ਸੀਸ ਭੇਂਟ ਕਰੋ। ਪਰ ਗੁਰੂ ਸਾਹਿਬ ਨੇ ਕਿਹਾ ਮੇਰੀ ਸੁੱਧ ਕਾਇਮ ਨਹੀਂ ਇਸ ਲਈ ਤੁਸੀਂ ਹੀ ਦੇਵੋ। ਇਸ ਤੇ ਕਾਲਿਕਾ ਦਾਸ ਨੇ ਦੇਵੀ ਅੱਗੇ ਆਪਣੇ ਹੱਥ ਕਰ ਦਿੱਤੇ ਅਤੇ ਦੇਵੀ ਨੇ ਆਪਣਾ ਖੰਡਾ ਕਾਲਿਕਾ ਦਾਸ ਦੇ ਹੱਥਾਂ ਤੇ ਮਾਰ ਕੇ ਖੂਨ ਪੀਤਾ। ਇਸ ਪਿਛੋਂ ਗੁਰੂ ਮਹਾਰਾਜ ਨੇ ਸੁਧ ਆਉਣ ਤੇ ਸਾਰੇ ਬ੍ਰਾਹਮਣਾਂ ਨੂੰ ਬੇਅੰਤ ਧਨ ਦਾਨ ਕੀਤਾ ਅਤੇ ਸ਼ੋਭਾ ਪਾਈ।

ਇਹ ਸਾਰਾ ਨਿਰਮੂਲ, ਮਨ ਘੜੰਤ ਬ੍ਰਿਤਾਂਤ ਤੇ ਕਿਤਾਬ ਦੇ ਚੌਦਾਂ ਪੰਨਿਆਂ ਵਿਚ ਦਰਜ ਕੀਤਾ ਹੈ। ਇਸੇ ਤਰ੍ਹਾਂ ਸਾਰੀ ਕਿਤਾਬ ਵਿਚ ਗੁਰਮਤਿ ਤੋਂ ਉਲਟ ਮਨ ਘੜੰਤ

ਗੱਲਾਂ ਸਾਰਿਆਂ ਗੁਰੂ ਸਾਹਿਬ ਦੇ ਜੀਵਨੀਆਂ ਵਿਚ ਜੋੜੀਆਂ ਹਨ। ਵਿਚ-ਵਿਚ ਗੁਰਬਾਣੀ ਦੀਆਂ ਤੁਕਾਂ ਅਤੇ ਸ਼ਬਦ, ਸਿੱਖ ਸਿਧਾਂਤ ਤੋਂ ਬਾਹਰ ਜਾ ਕੇ ਬੜੀ ਚਤੁਰਾਈ ਨਾਲ ਜੋੜੀਆਂ ਹਨ ਜਿਸ ਤਰ੍ਹਾਂ ਹੁਣ ਪੰਥ ਵਿਰੋਧੀ ਤਾਕਤਾਂ ਖਾਲਸਾ ਪੰਥ ਦਾ ਹਿੰਦੂ-ਕਰਨ ਕਰਨ ਲਈ ਵਰਤ ਰਹੀਆਂ ਹਨ। ਹਰ ਥਾਂ ਤੇ ਬ੍ਰਾਹਮਣਾਂ ਨੂੰ ਆਦਰਯੋਗ ਦਰਸਾਇਆ ਹੈ। ਸਾਰੇ ਸੰਸਕਾਰ ਗੁਰੂ ਸਾਹਿਬ ਨੂੰ ਸ਼ਾਸਤਰਾਂ ਅਨੁਸਾਰ ਕਰਦੇ ਦਿਖਾਇਆ ਹੈ।

ਇਸ ਕਿਤਾਬ ਦੇ ਪੰਨਾ 134 ਤੇ ਲਿਖਿਆ ਹੈ ਕਿ ਮਾਤਾ ਜੀਤੋ ਜੀ ਦੇ ਸਵਰਗ ਸਿਧਾਰ ਜਾਣ ਤੇ ਗੁਰੂ ਸਾਹਿਬ ਅਤੇ ਸਾਹਿਬਜ਼ਾਦਿਆਂ ਨੇ ਸਿਰਫ ਮੁੰਡਨ ਨਹੀਂ ਕਰਾਇਆ ਬਾਕੀ ਸਭ ਕਰਮ ਸ਼ਾਸਤਰਾਂ ਅਨੁਸਾਰ ਕੀਤੇ। ਗੁਰੂ ਸਾਹਿਬ ਨੇ ਇੰਨਾ ਸ਼ੋਕ ਕੀਤਾ ਕਿ ਸਰੀਰ ਅੱਧਾ ਰਹਿ ਗਿਆ ਅਤੇ 7 ਮਹੀਨੇ ਲੰਗੋਟ ਬੰਨ੍ਹੀ ਰਖਿਆ। ਸਤ ਮਹੀਨੇ ਪਿੱਛੋਂ ਸਿੱਖਾਂ ਨੇ ਬੇਨਤੀ ਕਰਕੇ ਪਹਿਲਾਂ ਲੰਗੋਟ ਉਤਾਰਿਆ ਤਾਂ ਸਾਹਿਬਾਂ ਨੇ ਦੂਸਰਾ ਬੰਨ੍ਹ ਲਿਆ। ਗੁਰੂ ਸਾਹਿਬ ਦੀ ਇਹ ਹਾਲਤ ਦੇਖ ਕੇ ਸਿੱਖਾਂ ਨੇ ਹੋਰ ਡੋਲਾ ਮਾਤਾ ਸਾਹਿਬ ਕੌਰ ਦਾ ਲਿਆਂਦਾ। ਇਸ ਤਰ੍ਹਾਂ ਦੇ ਕੁਫ਼ਰ ਇਸ ਕਿਤਾਬ ਵਿਚ ਹਰ ਥਾਂ ਤੇ ਦਰਜ ਹਨ। ਬਾਬਾ ਬੰਦਾ ਸਿੰਘ ਜੀ ਪਿੱਛੋਂ ਗੁਰੂ ਅੰਗਦ ਦੇਵ ਮਹਾਰਾਜ ਦੀ ਵੰਸਜ ਬਾਬਾ ਕਾਨ੍ਹ ਸਿੰਘ ਇਕ ਮਜ੍ਹਬੀ ਸਿੰਘ ਨੂੰ ਮਾਰਦੇ ਲਿਖਦਾ ਹੈ ਕਿਉਂਕਿ ਉਸ ਨੇ ਆਪਣੀ ਜਾਤ ਛੁਪਾ ਕੇ ਉਚੀ ਜਾਤ ਦੇ ਸਿੱਖਾਂ ਨਾਲ ਬੈਠ ਕੇ ਲੰਗਰ ਛੱਕ ਲਿਆ ਸੀ।

ਜਿਹੜਾ ਲਿਖਾਰੀ ਆਪਣੀ ਲਿਖਤ ਸ਼ੁਰੂ ਕਰਨ ਤੋਂ ਪਹਿਲਾਂ ਮਾਤਾ ਗਉਰੀ ਸੁਰਸਤੀ ਅਤੇ ਗਨੇਸ਼ ਦੀ ਆਰਾਧਨਾ ਕਰਦਾ ਹੈ ਕੀ ਉਹ ਗੁਰੂ ਦਾ ਸਿੱਖ ਕਹਿਲਾਉਣ ਦਾ ਹੱਕਦਾਰ ਹੈ? ਲਿਖਤ ਦਾ ਮੂਲ ਪਾਠ ਇਸ ਤਰ੍ਹਾਂ ਹੈ

ੴ ਸਤਿ ਗੁਰ ਪ੍ਰਸਾਦਿ

**ਅਥ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਲਿਖਯਤੇ**

ਦੋਹਰਾ : **ਸਤਿਗੁਰ ਪੁਰਖ ਮਨਾਇਕੈ ਪੂਜੋ ਸਗਲੇ ਦੇਵ।**
**ਰਿਖ ਤਪਸੀ ਕੇ ਚਰਨ ਲਗ ਸਫਲ ਹਮਾਰੀ ਸੇਵ। ੩ ।**
**ਮਾਤਾ ਗਉਰੀ ਮਨਾਇਕੈ ਸੁਰਸਤੀ ਪੂਜੋ ਮਾਤ।**
**ਬਾਕ ਬਾਨੀ ਕੇ ਚਰਨ ਲਗ ਕੀਜੈ ਬਚਨ ਹਮਾਰਾ ਸਾਤ ।੪ ।**
**ਗਉਰੀ ਪੂਤ ਗਨੇਸ਼ ਜੀ ਬਿਨਤੀ ਸੁਨੀਐ ਇਹਿ।**
**ਭੂਲ ਚੂਕ ਮਮ ਖਿਮਾ ਕਰ ਬੁਧ ਊਜਲ ਕਰ ਦੇਹਿ। ੫ ।**
**ਬਿਦਿਆ ਹੋਵੇ ਸੁਫਲ ਕੁਝ ਸਭ ਗੁਰਜਨ ਕੇ ਪ੍ਰਸਾਦਿ।**
**ਸਿੰਘ ਕੇਸਰ ਛਿਬਰ ਕੀ ਬੇਨਤੀ ਬੁਧ ਦਿਤੀ ਹੈ ਉਸਤਾਦ।**

ਲਿਖਾਰੀ ਦੇ ਹਿਰਦੇ ਵਿਚ ਮੁਸਲਮਾਨਾਂ ਲਈ ਨਫ਼ਰਤ ਕੁਟ ਕੁਟ ਕੇ ਭਰੀ ਹੋਈ ਪੁਸਤਕ ਵਿੱਚ ਮਿਲਦੀ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਸ਼ਾਨ ਵਿਰੁੱਧ ਲਿਖੀਆਂ ਗੱਲਾਂ ਸੰਪਾਦਕ ਨੇ ਪੁਸਤਕ ਵਿਚ ਨਹੀਂ ਲਿਖੀਆਂ, ਇਥੋਂ ਤੱਕ ਕਿ ਫਰੀਦ ਸਾਹਿਬ ਨੂੰ ਵੀ ਨਹੀਂ ਬਖਸ਼ਿਆ ਅਤੇ ਬ੍ਰਾਹਮਣਾਂ ਦਾ ਸਤਿਕਾਰ ਪੂਜ ਯੋਗ ਵਰਣਨ ਕੀਤਾ ਹੈ। ਪੋਥੀ ਪੜ੍ਹਕੇ ਇਹ ਨਿਰਣਾ ਕਰਨਾ ਹੀ ਠੀਕ ਹੈ ਕਿ ਇਹ ਗੁਰੂ ਦਾ ਸਿੰਘ ਕੇਸਰ ਸਿੰਘ ਨਹੀਂ ਕੋਈ ਨਕਲੀ, ਬ੍ਰਾਹਮਣ, ਕੇਸਰ ਸਿੰਘ ਹੈ ਅਤੇ ਅਜਕਲ ਦੇ ਆਰੀਯਾ ਸਮਾਜੀ ਜਾਂ ਆਰ.ਐਸ.ਐਸ. ਅਤੇ ਇਨ੍ਹਾਂ ਦੇ ਹੋਰ ਸਹਿਯੋਗੀ ਇਸੇ ਨਕਲੀ ਕੇਸਰ ਸਿੰਘ ਦੀਆਂ



ਲਿਖਤਾਂ ਦਾ ਹਵਾਲਾ ਦੇ ਕੇ ਖਾਲਸਾ ਪੰਥ ਨੂੰ ਕੇਸਾਂ ਧਾਰੀ ਹਿੰਦੂ ਦੱਸ ਕੇ ਕੂੜਾ ਪ੍ਰਚਾਰ ਕਰ ਰਹੇ ਹਨ।

ਹੁਣ ਸੁਆਲ ਇਹ ਉਠਦਾ ਹੈ, ਸਿਕੰਦਰ ਦੇ ਹਮਲਿਆਂ ਤੋਂ ਲੈ ਕੇ ਔਰੰਗਜ਼ੇਬ ਦੇ ਰਾਜ ਤੱਕ ਕਈ ਸਦੀਆਂ ਅਨੇਕਾਂ ਦੇਵੀ ਦੇਵਤਿਆਂ ਦੇ ਮੰਦਰ ਢਾਏ ਗਏ, ਇਸ ਦੇਸ਼ ਦਾ ਹੁਸਨ ਅਤੇ ਮਾਲ ਧਨ ਨੂੰ ਬਿਦੇਸੀ ਹਮਲਾਆਵਰਾਂ ਨੇ ਲੁੱਟਿਆ, ਨਾ ਤਾਂ ਕੋਈ ਦੇਵੀ ਆਪ ਪ੍ਰਗਟ ਹੋ ਕੇ ਇਨ੍ਹਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋਈ ਅਤੇ ਨ ਹੀ ਕਿਸੇ ਦੇਸੀ ਰਾਜੇ ਨੇ ਦੇਵੀ ਪ੍ਰਗਟ ਕਰ ਕੇ ਇਨ੍ਹਾਂ ਹਮਲਾਆਵਰਾਂ ਨੂੰ ਦੇਸ਼ ਵਿਚੋਂ ਕੱਢਿਆ। ਜਿਸ ਦੇਸ਼ ਵਿਚ ਕਾਲਿਕਾ ਦਾਸ ਰਹਿੰਦਾ ਸੀ ਕਮ ਸੇ ਕਮ ਉਸ ਦੇਸ਼ ਦਾ ਰਾਜਾ ਹੀ ਮੈਦਾਨ ਵਿਚ ਆਉਂਦਾ। ਐਸਾ ਭੀ ਨਹੀਂ ਹੋਇਆ। ਤਕਰੀਬਨ ਇਕ ਸਦੀ ਜਦ ਖਾਲਸੇ ਨੇ ਆਪਣੀ ਚੰਡੀ ਵਰਤੀ ਤਾਂ ਚੰਡੀ ਦੇਵੀ ਦੇ ਉਪਾਸ਼ਕ ਸ਼ਿਵਾਲਕ ਪਹਾੜੀ ਦੇ ਪਹਾੜੀ ਰਾਜਪੂਤ ਰਾਜਿਆਂ ਵਿਚੋਂ ਕਿਸੇ ਇਕ ਨੇ ਭੀ ਖਾਲਸੇ ਦਾ ਸਾਥ ਨਾ ਦਿੱਤਾ ਬਲਕਿ ਮੁਗ਼ਲ ਸੈਨਾ ਦੀ ਡਟ ਕੇ ਮਦਦ ਕੀਤੀ। ਇਸੇ ਤਰ੍ਹਾਂ ਬਾਕੀ ਦੇਸ਼ ਦੇ ਕਿਸੇ ਹਿੰਦੂ ਰਾਜੇ ਨੂੰ ਖਾਲਸੇ ਦੀ ਹਮਦਰਦੀ ਦਾ ਖਿਆਲ ਤਕ ਨਹੀਂ ਆਇਆ। ਇਸ ਦੇ ਉਲਟ, ਮਹਾਰਾਜਾ ਰਣਜੀਤ ਸਿੰਘ ਤੋਂ ਪਿਛੋਂ ਸਰਕਾਰ ਖ਼ਾਲਸਾ ਨੂੰ ਖ਼ਤਮ ਕਰਕੇ ਪੰਜਾਬ ਨੂੰ ਗ਼ੁਲਾਮ ਬਨਾਉਣ ਲਈ ਇਨ੍ਹਾਂ ਨੇ ਅੰਗਰੇਜ਼ਾਂ ਦੀ ਡਟ ਕੇ ਮਦਦ ਕੀਤੀ।

ਅਸਲੀਅਤ ਇਹ ਹੈ ਕਿ ਜਦ ਗੁਰੂ ਨਾਨਕ ਮਹਾਰਾਜ ਤੋਂ ਲੈ ਕੇ ਕਲਗੀਧਰ ਮਹਾਰਾਜ ਦੇ ਲਗਾਤਾਰ ਦੇ ਉਪਦੇਸ਼ ਦਾ ਸਦਕਾ, ਸਿੱਖੀ ਵਿਚਾਰਧਾਰਾ ਵਾਲੇ ਲੋਕਾਂ ਹੱਥੋਂ ਬ੍ਰਾਹਮਣਾਂ ਦੀ ਰੋਟੀ ਖੁਸ ਗਈ ਅਤੇ ਮਾਨ ਸਤਿਕਾਰ ਨੂੰ ਭੀ ਠੇਸ ਲੱਗੀ ਤਾਂ ਚਤੁਰ ਬੁੱਧੀ ਦੇ ਬ੍ਰਾਹਮਣਾਂ ਨੇ ਐਸੀਆਂ ਪੁਸਤਕਾਂ ਲਿਖੀਆਂ ਜਿਨ੍ਹਾਂ ਰਾਹੀਂ ਕੁਛ ਥੋੜ੍ਹੀ ਬਹੁਤ ਗੁਰੂ ਘਰ ਦੀ ਪ੍ਰਸੰਸਾ ਲਿਖ ਕੇ ਨਾਲ ਹੀ ਜੁਗਤੀ ਨਾਲ ਅਜੇਹੀਆਂ ਗੱਲਾਂ ਘਸੋੜ ਦਿੱਤੀਆਂ ਤਾਂ ਜੋ ਬ੍ਰਾਹਮਣ ਨੂੰ ਸਤਿਕਾਰ ਯੋਗ ਪਦਵੀ ਦੁਬਾਰਾ ਮਿਲ ਸਕੇ। ਤਾਂ ਹੀ ਦਸਮੇਸ਼ ਪਿਤਾ ਨੂੰ ਬ੍ਰਾਹਮਣਾਂ ਦੇ ਚਰਨ ਧੋ ਕੇ ਪਾਣੀ ਪੀਂਦੇ ਦਿਖਾਇਆ ਗਿਆ ਹੈ। ਨਹੀਂ ਤਾਂ :-

**ਦਾਨੁ ਦੇਇ ਕਰਿ ਪੂਜਾ ਕਰਨਾ॥ ਲੈਤ ਦੇਤ ਉਨ ਮੂਕਰਿ ਪਰਨਾ॥**
**ਜਿਤੁ ਦਰੁ ਤੁਮ ਹੈ ਬ੍ਰਾਹਮਣ ਜਾਣਾ॥ ਤਿਤੁ ਦਰ ਤੂੰਹੀ ਹੈ ਪਛੁਤਾਣਾ॥੩॥**
**ਐਸੇ ਬ੍ਰਾਹਮਣ ਡੂਬੈ ਭਾਈ॥ ਨਿਰਾਪਰਾਧ ਚਿਤਵਹਿ ਬੁਰਿਆਈ॥੩॥ ਰਹਾਉ**
**ਅੰਤਰਿ ਲੋਭੁ ਫਿਰਹਿ ਹਲਕਾਏ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ॥**
**ਮਾਇਆ ਮੂਠਾ ਚੇਤੈ ਨਾਹੀ॥ ਭਰਮੇ ਭੂਲਾ ਬਹੁਤ ਰਾਹੀ॥੪॥**
**ਬਾਹਰਿ ਭੇਖ ਕਰਹਿ ਘਨੇਰੇ॥ ਅੰਤਰਿ ਬਿਖਿਆ ਉਤਰੀ ਘੇਰੇ॥**
**ਅਵਰਿ ਉਪਦੇਸੈ ਆਪਿ ਨ ਬੂਝੈ॥ ਐਸਾ ਬ੍ਰਾਹਮਣੁ ਕਹੀ ਨ ਸੀਝੈ॥੫॥**
**ਮੂਰਖ ਬ੍ਰਾਹਮਣ ਪ੍ਰਭੂ ਸਮਾਲਿ॥ ਦੇਖਤ ਸੁਨਤ ਤੇਰੈ ਹੈ ਨਾਲਿ॥**
**ਕਹੁ ਨਾਨਕ ਜੇ ਹੋਵੀ ਭਾਗੁ॥ ਮਾਨੁ ਛੋਡਿ ਗੁਰ ਚਰਨੀ ਲਾਗੁ॥ ਅੰਗ ੩੭੨**

ਇਹ ਉਪਦੇਸ਼ ਧਾਰਨ ਕਰਨ ਵਾਲਿਆਂ ਸਿੱਖਾਂ ਤੋਂ ਬ੍ਰਾਹਮਣ ਨੂੰ ਕੀ ਪ੍ਰਾਪਤ ਹੋਣਾ ਸੀ।

# ਦਸਵਾਂ ਨਾਨਕ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਦਿੱਲੀ ਵਿਚ, ਮਜਨੂੰ ਟਿੱਲੇ ਦੇ ਅਸਥਾਨ ’ਤੇ ਬਿਰਾਜਮਾਨ ਸਨ। ਜਿਨ੍ਹਾਂ ਕਲਗੀ ਸੀਸ ਤੇ ਸੁਭਾਇਮਾਨ, ਸ਼ਸਤਰ, ਅਸਤਰਾਂ ਨਾਲ ਸਨੱਧ-ਬੱਧ, ਸ਼ਾਹੀ ਪੋਸ਼ਾਕ, ਗੁਰੂ ਮਹਾਰਾਜ ਦੀ ਆਭਾ ਨਾਲ, ਸਤਿਗੁਰੂ ਜੀ ਦੇ ਸ਼ਾਹੀ ਜਲਾਲ ਅਤੇ ਫਕੀਰੀ ਜਮਾਲ ਅੱਗੇ ਦੁਨਿਆਵੀ ਪਾਤਸ਼ਾਹਾਂ ਦੀ ਆਭਾ ਫਿੱਕੀ ਪੈ ਰਹੀ ਸੀ।

ਉਜੈਨ ਦਾ ਇਕ ਬੈਰਾਗੀ ਸਾਧੂ, ਜਿਸ ਨੇ ਪਹਿਲਾਂ ਕਦੇ ਗੁਰੂ ਸਾਹਿਬ ਦੇ ਦਰਸ਼ਨ ਨਹੀਂ ਕੀਤੇ ਸਨ ਪਰ ਗੁਰੂ ਨਾਨਕ ਦੇ ਘਰ ਦੀ ਵਡਿਆਈ ਸੁਣੀ ਸੀ, ਗੁਰੂ ਮਹਾਰਾਜ ਦੇ ਦਰਸ਼ਨ ਕਰਨ ਆਇਆ। ਗੁਰੂ ਮਹਾਰਾਜ ਦੀ ਅਰਦਲ ਤੋਂ ਦੂਰ ਇਕ ਸਿੱਖ ਨੂੰ ਪੁੱਛਿਆ ਕਿ ਗੁਰੂ ਨਾਨਕ ਦੇ ਵਾਰਿਸ ਕੌਣ ਹਨ? ਸਿੱਖ ਨੇ ਦੂਰੋਂ ਇਸ਼ਾਰਾ ਕਰਕੇ ਦੱਸਿਆ ਕਿ ਔਹ ਸਾਹਮਣੇ ਗੁਰੂ ਸਾਹਿਬ ਆਪਣੇ ਆਸਣ ’ਤੇ ਸ਼ੋਭਨੀਕ ਹਨ ਜਾ ਕੇ ਦਰਸ਼ਨ ਕਰ ਲਵੋ।

ਸਾਧੂ ਨੇ ਇਕ ਨਜ਼ਰ ਮਾਰੀ ਅਤੇ ਬਗ਼ੈਰ ਗੁਰੂ ਸਾਹਿਬ ਕੋਲ ਗਿਆਂ ਪਿੱਛੇ ਮੁੜ ਪਿਆ। ਗੁਰੂ ਮਹਾਰਾਜ ਨੇ ਸੇਵਾ ਵਿਚ ਹਾਜ਼ਰ ਸਿੱਖ ਨੂੰ ਭੇਜ ਕੇ ਸਾਧੂ ਨੂੰ ਆਪਣੇ ਕੋਲ ਬੁਲਾ ਲਿਆ ਅਤੇ ਕਹਿਣ ਲੱਗੇ “ਸੰਤ ਜੀ ਆਪ ਇਤਨੀ ਦੂਰ ਸੇ ਆਏ ਭੀ ਔਰ ਬਗ਼ੈਰ ਮਿਲੇ ਚਲ ਦੀਏ।”। ਸਾਧੂ ਨੇ ਉੱਤਰ ਵਿਚ ਕਿਹਾ ਕਿ ਮੈਂ ਗੁਰੂ ਨਾਨਕ ਦੀ ਗੱਦੀ ਦੇ ਵਾਰਿਸ ਨੂੰ ਮਿਲਣ ਆਇਆ ਸੀ। “ਗੁਰੂ ਨਾਨਕ ਦੇਵ ਮਹਾਰਾਜ ਮਾਇਆ ਕੀ ਜਕੜ ਸੇ ਮੁਕਤ ਥੇ ਆਪ ਕਾ ਯਹ ਸ਼ਾਹੀ ਠਾਠ-ਬਾਠ ਔਰ ਦੁਨਿਆਵੀ ਰਾਜਾਓਂ ਜੈਸੀ ਰਹਿਣੀ ਬਹਿਣੀ ਕੁਛ ਔਰ ਬਤਾ ਰਹੀ ਹੈ। ਮੈਨੇ ਭਾਂਪ ਲੀਆ ਕਿ ਯਹ ਘਰ ਭੀ ਵਿਗੜ ਗਿਆ। ਇਸ ਲੀਏ ਵਾਪਸ ਜਾ ਰਹਾ ਥਾ ਪਰ ਆਪ ਨੇ ਬੁਲਾ ਲੀਆ।”

ਗੁਰੂ ਸਾਹਿਬ ਨੇ ਪਿਆਰ ਨਾਲ ਆਪਣੇ ਕੋਲ ਬੈਠਾ ਕੇ ਬਚਨ ਕੀਤਾ “ਸੰਤ ਜੀ ਯਹ ਆਪ ਕੀ ਨਜ਼ਰ ਕਾ ਫ਼ਰਕ ਹੈ, ਹਮਾਰਾ ਔਰ ਗੁਰੂ ਨਾਨਕ ਦੇਵ ਜੀ ਕਾ ਮਾਰਗ ਭੀ ਏਕ ਹੈ ਔਰ ਆਦਰਸ਼ ਭੀ ਏਕ ਹੈ। ਹਮਾਰਾ ਬਿਉਹਾਰ ਹੈ : ਜ਼ਾਹਿਰ ਅਮੀਰੀ, ਬਾਤਨ ਫਕੀਰੀ, ਬਾਬੇ ਨਾਨਕ ਨੇ ਮਾਇਆ ਕਾ ਤਿਆਗ ਕੀਆ ਥਾ ਸੰਸਾਰ ਨਹੀਂ ਤਿਆਗਾ ਥਾ।” ਜਿਸ ਨੂੰ ਪੰਚਮ ਗੁਰਦੇਵ ਨੇ ਇੰਜ ਬਿਆਨ ਕੀਤਾ ਹੈ :

**ਦੀਸਹਿ ਸਭ ਸੰਗਿ ਰਹਹਿ ਅਲੇਪਾ**

**ਨਹ ਵਿਆਪੈ ਉਨਿ ਮਾਈ॥ (ਅੰਗ ੭੦੧)**

ਅੱਗੇ ਗੁਰੂ ਮਹਾਰਾਜ ਨੇ ਫੁਰਮਾਇਆ ਸੰਤ ਜੀ! “ਔਰਤ ਈਮਾਨ, ਪੁੱਤਰ ਨਿਸ਼ਾਨ ਅਤੇ ਮਾਇਆ ਗੁਜ਼ਰਾਨ” ਸਾਡਾ ਅਸੂਲ ਹੈ। ਗੁਰੂ ਸਾਹਿਬ ਦੇ ਬਚਨਾ ਨੇ ਸਾਧੂ ਦੇ ਅਗਿਆਨਤਾ ਵਾਲੇ ਕਪਾਟ ਖੋਲ੍ਹ ਦਿੱਤੇ ਅਤੇ ਚਰਨੀ ਢਹਿ ਪਿਆ।

ਏਸੇ ਤਰ੍ਹਾਂ ਦਸਮ ਗ੍ਰੰਥ ਦੇ ਵਿਰੋਧੀ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ, ਨਾਂ ਤਾਂ ਅਧਿਐਨ ਕਰਕੇ ਸਿੱਖੀ ਸਿਧਾਂਤ ਨੂੰ ਸਮਝਿਆ ਹੈ ਅਤੇ ਨਾ ਹੀ ਸ੍ਰੀ ਦਸਮ ਗ੍ਰੰਥ



ਸਾਹਿਬ ਦਾ ਪਾਠ ਤਾਂ ਦਰਕਿਨਾਰ ਕਦੇ ਦਰਸ਼ਨ ਭੀ ਨਹੀਂ ਕੀਤੇ ਹੋਣਗੇ, ਗਿਆਨੀ ਭਾਗ ਸਿੰਘ ਜੀ ਅੰਬਾਲਾ, “ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ” ਨਾਮੀ ਪੁਸਤਕਾਂ ਪੜ੍ਹ ਕੇ ਅਤੇ ਜਾਂ ਫਿਰ ਹੁਣ ਸਪੋਕਸਮੈਨ ਦੇ ਛੱਡੇ ਸੋਸ਼ਿਆਂ ਨੂੰ ਆਧਾਰ ਬਣਾ ਕੇ ਬਾਰ ਬਾਰ ਇਹ ਕਹਿੰਦੇ ਨਹੀਂ ਥੱਕਦੇ ਕਿ ਦਸਵਾਂ ਨਾਨਕ ਆਹ ਨਹੀਂ ਲਿਖ ਸਕਦਾ ਦਸਵਾਂ ਨਾਨਕ ਆਹ ਨਹੀਂ ਕਰ ਸਕਦਾ, ਇਹ ਦਸਵੇਂ ਨਾਨਕ ਦਾ ਸਿਧਾਂਤ ਨਹੀਂ ਹੋ ਸਕਦਾ, ਇਹ ਦਸਵੇਂ ਨਾਨਕ ਦੀ ਲਿਖਣ ਸ਼ੈਲੀ ਨਹੀਂ ਹੋ ਸਕਦੀ, ਕਹਿ ਕੇ ਜਨ ਸਾਧਾਰਨ ਨੂੰ ਕੁਰਾਹੇ ਪਾ ਰਹੇ ਹਨ।

ਅੱਜ ਅਸੀਂ ਬਾਕੀ ਗੱਲਾਂ ਛੱਡ ਕੇ ਕੇਵਲ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਜੀਵਨ ਸ਼ੈਲੀ ਦਾ ਦਸਮੇਸ਼ ਪਿਤਾ ਦੀ ਜੀਵਨ ਸ਼ੈਲੀ ਨਾਲ ਤੁਲਨਾ ਕਰ ਕੇ ਦੇਖਾਂਗੇ ਕਿ ਕੀ ਤੱਥ ਨਿਕਲਦੇ ਹਨ।

ਉਦਾਸੀਆਂ ਦੇ ਲੰਬੇ ਪੈਂਡੇ ਤਹਿ ਕਰਕੇ ਜਦ ਗੁਰੂ ਨਾਨਕ ਦੇਵ ਮਹਾਰਾਜ ਪੱਕੇ ਤੌਰ ’ਤੇ ਕਰਤਾਰਪੁਰ ਟਿਕ ਗਏ ਤਾਂ ਹੱਥੀਂ ਕਿਰਤ ਕਰਨ ਲਈ ਖੇਤੀ ਦਾ ਧੰਦਾ ਅਪਣਾਇਆ। ਜੋ ਉਸ ਵੇਲੇ ਦੇ ਕਰਤਾਰਪੁਰ ਵਾਸੀ ਆਮ ਕੱਪੜੇ ਪਹਿਨਦੇ ਸਨ, ਤੇੜ ਲੂੰਗੀ, ਸਿਧਾ ਸਾਦਾ ਗਲ੍ਹ ਕੁੜਤਾ ਅਤੇ ਸ਼ਾਇਦ ਖੱਦਰ ਦੀ ਛੋਟੀ ਜਿਹੀ ਦਸਤਾਰ ਹੁੰਦੀ ਹੋਵੇਗੀ। ਵਰਨਾ ਜੇ ਗੁਰੂ ਸਾਹਿਬ ਦਾ ਦੁਨੀਆਂਦਾਰਾਂ ਤੋਂ ਵੱਖਰਾ ਖਾਸ ਬਾਣਾ ਹੁੰਦਾ ਤਾਂ ਭਾਈ ਲਹਿਣਾ ਜੀ ਨੂੰ ਪੁੱਛਣ ਦੀ ਲੋੜ ਨਾ ਪੈਂਦੀ ਕਿ ਨਾਨਕ ਤਪਾ ਕਿੱਥੇ ਹੈ ਉਹ ਖ਼ੁਦ ਹੀ ਪਹਿਚਾਣ ਜਾਂਦੇ। ਇਥੇ ਇਹ ਭੀ ਦੱਸ ਦੇਣਾ ਵਾਜਬ ਹੋਵੇਗਾ ਕਿ ਅੱਜ ਕੱਲ੍ਹ, ਜੋ ਪੁਸ਼ਾਕ, ਗੁਰੂ ਸਾਹਿਬ ਦੀਆਂ ਫੋਟੋਆਂ ਵਿਚ ਦਿਖਾਈ ਦੇ ਰਹੀ ਹੈ ਫੋਟੋਆਂ ਸਮੇਤ ਸਭ ਮਨੋਕਲਪਿਤ ਹੈ।

ਪਰ ਦੂਸਰੇ ਪਾਸੇ ਦਸ਼ਮੇਸ਼ ਪਿਤਾ ਦੀ ਹੀਰੇ ਜੜਤ ਕਲਗੀ, ਸ਼ਾਹੀ ਪੁਸ਼ਾਕ, ਗਲ ਵਿਚ ਸੁੱਚੇ ਮੋਤੀਆਂ ਦੀ ਜਾਂ ਹੀਰਿਆਂ ਦੀ ਮਾਲਾ, ਕੀਮਤੀ, ਸਾਇਬਾਨ ਜੋ ਸਮੇਂ ਦੇ ਦਿੱਲੀ ਤਖ਼ਤ ਦੇ ਮਾਲਕ ਕੋਲ ਭੀ ਨਹੀਂ ਸੀ, ਨੂੰ ਦੇਖ ਕੇ ਕੌਣ ਕਹੇਗਾ ਕਿ ਇਹ ਦਸਵਾਂ ਨਾਨਕ ਹੈ ਪਰ ਭਾਈ ਨੰਦ ਲਾਲ ਨੇ ਗੁਰੂ ਦਰੋਂ ਬਖਸ਼ੀ ਆਤਮਕ ਗਿਆਨ ਦੀ ਗਹਿਰਾਈ ਵਿਚ ਜਦ ਉਤਰ ਕੇ ਦੇਖਿਆ ਤਾਂ ਕਹਿ ਦਿੱਤਾ:

**ਗਾਹੇ ਸੂਜ਼ੀ ਗਾਹੇ ਜ਼ਾਹਿਦ ਗਹਿ ਕਲੰਦਰ ਮੇ ਸਵਦ।**

**ਰੰਗਹਾਇ ਮੁਖ਼ਤਲਿਜ਼ ਦਾਰਿਦ ਬੁੱਤੇ ਅਯਾਰਿ ਮਾ॥ ਦੀਵਾਨੇ ਗੋਯਾ।**

ਗੁਰੂ ਨਾਨਕ ਦੇਵ ਮਹਾਰਾਜ ਨੇ ਚਾਰੇ ਉਦਾਸੀਆਂ ਵੇਲੇ, ਜਗਤ ਕਲਿਆਣ ਲਈ ਹਜ਼ਾਰਾਂ ਮੀਲ ਪੈਂਡਾ ਪੈਦਲ ਤਹਿ ਕੀਤਾ, ਨਾ ਕੋਈ ਸਵਾਰੀ ਨਾ ਹੀ ਕੋਈ ਸ਼ਸਤਰ ਲਿਆ। ਭਾਵੇਂ ਅਨੇਕਾਂ ਚੋਰਾਂ, ਠੱਗਾਂ, ਡਾਕੂਆਂ ਨਾਲ ਵਾਹ ਪਿਆ ਪਰ ਰਬਾਬ ਦੀਆਂ ਸੁਰਾਂ ਛੇੜ ਕੇ ਸਭ ਤੇ ਵਿਜੈ ਪਾਈ। ਦੂਸਰੇ ਪਾਸੇ ਝਾਤ ਮਾਰੀਏ, ਕਲਗੀਧਰ ਮਹਾਰਾਜ ਨੇ ਹਾਥੀ ਘੋੜੇ ਰੱਖੇ, ਫੌਜਾਂ ਰੱਖੀਆਂ, ਕਿਲ੍ਹੇ ਬਣਵਾਏ, ਸ਼ਸਤਰਾਂ ਨਾਲ ਸਨੱਧਬੱਧ ਰਹੇ। ਗਿਆਨ ਦੀ ਖੜਗ ਘੱਟ ਵਰਤੀ ਅਤੇ ਫੁਲਾਦੀ ਤੇਗ, ਤੀਰਾਂ ਨਾਲ ਦੁਸ਼ਮਣਾਂ ਦਾ ਮੁਕਾਬਲਾ ਕੀਤਾ। ਬਾਬੇ ਨਾਨਕ ਨੇ ਨਿਰਭੈ ਹੋ ਕੇ ਖੁੱਲ੍ਹੇ ਮੈਦਾਨ ਬਾਬਰ ਨੂੰ ਜਾਬਰ ਕਹਿ ਕੇ

ਵੰਗਾਰਿਆ ਪਰ ਦਸਮੇਸ਼ ਜੀ ਕਿਲੇ ਵਿਚ ਬਹਿ ਕੇ ਲੜਦੇ ਰਹੇ।

ਗੁਰੂ ਨਾਨਕ ਦੇਵ ਮਹਾਰਾਜ ਨੇ ਆਪਣੇ ਸਿੱਖਾਂ ਨੂੰ ਨਾ ਕੋਈ ਖਾਸ ਪਹਿਚਾਨ ਬਖਸ਼ੀ ਅਤੇ ਨਾ ਕੋਈ ਰਹਿਤ ਦਿੱਤੀ। " ਦਬਿਸਤਾਨੇ ਮੁਜ਼ਾਹਬ" ਦੇ ਕਰਤਾ ਮੁਹਸਿਨ ਫਾਨੀ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਸੀ, ਲਿਖਦਾ ਹੈ ਕਿ ਸਾਰੇ ਸਿੱਖਾਂ ਨੂੰ ਦੁਨੀਆਂ ਅਤੇ ਸਰਕਾਰੇ ਦਰਬਾਰੇ ਨਾਨਕ ਪੰਥੀ ਕਹਿੰਦੇ ਸਨ। ਦੂਸਰੇ ਪਾਸੇ ਕਲਗੀਧਰ ਮਹਾਰਾਜ ਨੇ ਸਭ ਸਿੱਖਾਂ ਲਈ ਪੰਜ ਕਕਾਰ ਵਾਲੀ ਵੱਖਰੀ ਪਹਿਚਾਣ, ਨਿਸਚਿਤ ਰਹਿਤ, ਹਰ ਇਕ ਸਿੱਖ ਦੇ ਨਾਉ ਨਾਲ ਸਿੰਘ ਅਤੇ ਇਸਤਰੀ ਲਈ ਕੌਰ ਲਗਾਉਣ ਦਾ ਹੁਕਮ ਦਿੱਤਾ। ਸਭ ਸਿੱਖ ਸੰਗਤ ਨੂੰ ਨਾਨਕ ਪੰਥੀ ਤੋਂ ਖ਼ਾਲਸਾ ਸਿੱਖ ਸੰਗਤ ਦੇ ਨਾਉ ਨਾਲ ਨਿਵਾਜਿਆ।

ਗੁਰੂ ਨਾਨਕ ਦੇਵ ਮਹਾਰਾਜ ਤੋਂ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਤੱਕ ਗੁਰੂ ਦਾ ਸਿੱਖ ਬਣਨ ਲਈ ਚਰਨ ਪਾਹੁਲ ਲੈਣ ਦੀ ਮਰਯਾਦਾ ਸੀ ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

**ਚਰਨ ਧੋਇ ਰਹਿਰਾਸ ਕਰਿ ਚਰਣਾਮ੍ਰਿਤ ਸਿੱਖਾ ਪੀਲਾਇਆ।**

**(ਵਾ. ੧ ਪਉੜੀ. ੨੩)**

ਪਰ ਦਸਵੇਂ ਨਾਨਕ ਨੇ ਇਹ ਰੀਤ ਬਦਲ ਕੇ ਸਰਬ ਲੋਹ ਦੇ ਖੰਡੇ ਨਾਲ ਤਿਆਰ ਕੀਤੀ ਖੰਡਾ ਪਹੁਲ ਛਕਣ ਦਾ ਵਿਧਾਨ ਬਣਾਇਆ। ਹੁਣ ਜਦ ਸਿੱਖ ਸਜਾਇਆ ਹੀ ਸਰਬ ਲੋਹ ਦੇ ਖੰਡੇ ਨਾਲ ਹੈ ਤਾਂ ਦਸਮੇਸ਼ ਪਿਤਾ ਜਦ ਕਹਿੰਦੇ ਹਨ :

**ਨਮਸਕਾਰ ਸ੍ਰੀ ਖੜਗ ਕੋ ਕਰਉ ਸੋ ਹਿਤ ਚਿਤੁ ਲਾਇ॥**
**ਪੂਰਨ ਕਰੋ ਗ੍ਰਿੰਥ ਇਹ ਤੁਮ ਮੁਹਿ ਕਰਹੁ ਸਹਾਇ॥ (ਬਚਿੱਤ੍ਰ ਨਾਟਕ)**

ਤਾਂ ਦਸਮ ਗ੍ਰੰਥ ਵਿਰੋਧੀ ਆਖਦੇ ਹਨ ਕਿ ਦਸਵਾਂ ਨਾਨਕ ਇਹ ਆਖ ਹੀ ਨਹੀ ਸਕਦਾ। ਇਹ ਕਿਸੇ ਸਾਕਤੀ ਸ਼ਿਵ ਭਗਤ ਬ੍ਰਾਹਮਣ ਦੀ ਲਿਖਤ ਹੈ।

ਗੁਰੂ ਨਾਨਕ ਸੱਚੇ ਪਾਤਸ਼ਾਹ ਮੰਗ ਰਹੇ ਹਨ :

**ਕਰਤਾ ਤੂ ਮੇਰਾ ਜਜਮਾਨੁ॥**
**ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ॥ (ਅੰਗ ੧੩੨੯)**

**ਇਕ ਦੂ ਜੀਭੌ ਲਖ ਹੋਹਿ ਲਖ ਹੋਹਿ ਲਖ ਬੀਸ॥**
**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮ ਜਗਦੀਸ॥ (ਜਪੁ ਜੀ)**

ਪਰ ਦਸਵਾਂ ਨਾਨਕ ਮੰਗ ਰਿਹਾ ਹੈ :

**ਜਬ ਆਵ ਕੀ ਅਉਧ ਨਿਦਾਨ ਬਨੈ**
**ਅਤਿ ਹੀ ਰਨ ਮਹਿ ਤਬ ਜੂਝ ਮਰੋਂ॥ (ਚੰਡੀ ਚਰਿਤ੍ਰ)**
**ਹੇ ਰਵਿ ਹੇ ਸਸਿ ਹੇ ਕਰੁਨਾਨਿਧ**



**ਮੇਰੀ ਅਬੈ ਬਿਨਤੀ ਸੁਨਿ ਲੀਜੈ॥**
**ਔਰ ਨ ਮਾਂਗਤ ਹਉ ਤੁਮ ਤੇ ਕਛੁ**
**ਚਾਹਤ ਹਉ ਚਿਤ ਮੈ ਸੋਈ ਕੀਜੈ॥**
**ਸਸਤਰਨ ਸਿਉ ਅਤਿ ਹੀ ਰਨ ਭੀਤਰ,**
**ਜੂਝ ਮਰੋਂ ਕਹਿ ਸਾਚ ਪਤੀਜੈ॥**
**ਸੰਤ ਸਹਾਇ ਸਦਾ ਜਗ ਮਾਇ**
**ਕ੍ਰਿਪਾ ਕਰਿ ਸਜਾਮ ਇਹੈ ਬਰੁ ਦੀਜੈ॥੧੯੦੦॥ (ਕ੍ਰਿਸ਼ਨਾਵਤਾਰ)**

ਹੁਣ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀ ਹੀ ਦੱਸ ਸਕਦੇ ਹਨ ਕਿ ਕਿਹੜੇ ਬ੍ਰਾਹਮਣ ਸਯਾਮ ਕਵੀ ਨੇ ਪਰਮੇਸ਼ਰ ਤੋਂ ਇਹ ਮੰਗ ਕੀਤੀ ਹੈ ਅਤੇ ਮੰਗ ਪੂਰੀ ਹੋਣ ਤੇ ਕਿਹੜੀ ਲੜਾਈ ਕਿਸ ਨਾਲ ਕੀਤੀ ਹੈ। ਜੇ ਕੋਈ ਇਤਿਹਾਸਕ ਪ੍ਰਮਾਣ ਉਨ੍ਹਾਂ ਕੋਲ ਹੈ ਤਾਂ ਜ਼ਰੂਰ ਦੇਣ ਤਾਂ ਜੋ ਸੰਗਤਾਂ ਨੂੰ ਸਹੀ ਤੱਥਾਂ ਦਾ ਪਤਾ ਲੱਗ ਸਕੇ।

ਇਤਿਹਾਸ ਵਿਚ ਐਸਾ ਕੋਈ ਪ੍ਰਮਾਣ ਨਹੀਂ ਮਿਲਦਾ ਕਿ ਬਾਬੇ ਨਾਨਕ ਨੇ ਆਪਣੇ ਜੀਵਨ ਕਾਲ ਵਿਚ ਕਿਸੇ ਦੇ ਥੱਪੜ ਹੀ ਮਾਰਿਆ ਹੋਵੇ ਪਰ ਦਸਮੇਸ਼ ਪਿਤਾ ਨੇ ਬਸੀ ਪਠਾਣਾ ਦੇ ਨਵਾਬ ਨੂੰ, ਇਕ ਸਿੱਖ ਬੀਬੀ ਦੇ ਅਪਹਰਣ ਦੇ ਜੁਰਮ ਵਿਚ ਰੇਤੇ ਵਿਚ ਗੱਡ ਕੇ ਤੀਰ ਨਾਲ ਫੁੰਡਿਆ ਅਤੇ ਵਿਗੜੇ ਮਸੰਦਾਂ ਨੂੰ ਤੇਲ ਦੇ ਕੜਾਹਿਆਂ ਵਿਚ ਪਾ ਕੇ ਤਲਿਆ। ਇਸ ਤੱਥ ਦਾ ਇਤਿਹਾਸ ਗਵਾਹ ਹੈ।

ਗੁਰੂ ਨਾਨਕ ਦੇਵ ਮਹਾਰਾਜ ਦੀ ਬਾਣੀ ਰੱਬੀ ਗਿਆਨ ਅਤੇ ਰੱਬੀ ਪਿਆਰ ਨਾਲ ਸ਼ਰਸ਼ਾਰ ਹੁੰਦੀ ਹੋਈ ਭੀ ਤਰਕ ਭਰਪੂਰ (ਵਾਰ ਆਸਾ) ਅਤੇ ਸੰਵਾਦ (ਸਿੱਧ ਗੋਸ਼ਟਿ) ਵਾਲੀ ਹੈ। ਸ੍ਰੀ ਗੁਰੂ ਅਮਰ ਦਾਸ ਮਹਾਰਾਜ ਦੀ ਸ਼ੈਲੀ ਬਿਬੇਕੀ ਗਿਆਨ, ਗੁਣਾਨਵਾਦ ਅਤੇ ਨਿਮ੍ਰਤਾ ਵਾਲੀ ਹੈ।

ਸ੍ਰੀ ਗੁਰੂ ਰਾਮ ਦਾਸ ਮਹਾਰਾਜ ਦੀ ਬਾਣੀ ਵਿਚ ਬਿਰਹਾ, ਹਲੀਮੀ, ਅਰਦਾਸ ਅਤੇ ਗੁਰੂ ਪਰਮੇਸ਼ਰ ਲਈ ਸੱਚਾ ਪਿਆਰ ਡੁੱਲ੍ਹ ਡੁੱਲ੍ਹ ਪੈ ਰਿਹਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਵਿਚ ਬੈਰਾਗ ਪ੍ਰਧਾਨ ਹੈ। ਜਦਕਿ ਦਸਮੇਸ਼ ਕ੍ਰਿਤ ਵਿਚ ਖੰਡੇ ਖੜਕਦੇ, ਤੀਰ ਚਲਦੇ, ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ਾਂ ਸੁਣਾਈ ਦਿੰਦੀਆਂ ਹਨ। ਪਹਿਲੇ ਪਾਤਸ਼ਾਹੀਆਂ ਦੀ ਬਾਣੀ ਦੇ ਸ਼ਾਂਤੀ ਵਾਲੇ ਪ੍ਰਭਾਵ ਦੇ ਵਿਪਰੀਤ, ਜੋਸ਼ ਵਿਚ ਡੌਲੇ ਫਰਕਦੇ ਅਤੇ ਬੀਰ ਰਸ ਪੈਦਾ ਹੁੰਦਾ ਹੈ। ਕੀ ਇਹ ਸਾਰੇ ਗੁਰੂ ਵੱਖ-ਵੱਖ ਵਿਚਾਰਧਾਰਾ ਦੇ ਮਾਲਕ ਸਨ? ਸ਼ਾਇਦ ਮਹਾਤਮਾ ਗਾਂਧੀ ਅਤੇ ਸਾਧੂ ਟੀ. ਐਲ. ਵਾਸਵਾਨੀ ਨੂੰ ਇਸ ਤਰ੍ਹਾਂ ਹੀ ਭਾਸਦਾ ਹੈ ਅਤੇ ਇੰਦੂ ਭੂਸ਼ਨ ਬੈਨਰਜੀ ਵਰਗੇ ਇਤਿਹਾਸਕਾਰ ਨੂੰ ਇਸ ਤਰ੍ਹਾਂ ਲੱਗਦਾ ਹੋਵੇ। ਪਰ ਦਸਵਾਂ ਨਾਨਕ ਆਖਦਾ ਹੈ ਕਿ ਨਹੀਂ ਸਭ ਇਕੋ ਜੋਤਿ ਹੀ ਹਨ :

**ਸ੍ਰੀ ਨਾਨਕ ਅੰਗਦਿ ਕਰਿ ਮਾਨਾ॥**
**ਅਮਰ ਦਾਸ ਅੰਗਦ ਪਹਿਚਾਨਾ॥**
**ਅਮਰ ਦਾਸ ਰਾਮਦਾਸ ਕਹਾਯੋ॥**

**ਸਾਧਨਿ ਲਖਾ ਮੂੜ ਨਹਿ ਪਾਯੋ॥੯॥**

**ਭਿੰਨ ਭਿੰਨ ਸਭ ਹੂੰ ਕਰਿ ਜਾਨਾ॥**

**ਏਕ ਰੂਪ ਕਿਨਹੂੰ ਪਹਿਚਾਨਾ॥**

**ਜਿਨ ਜਾਨਾ ਤਿਨ ਹੀ ਸਿਧ ਪਾਈ॥**

**ਬਿਨ ਸਮਝੇ ਸਿਧ ਹਾਥ ਨ ਆਈ॥੧੦॥**

**ਰਾਮ ਦਾਸ ਹਰਿ ਸੋ ਮਿਲ ਗਏ॥**

**ਗੁਰਤਾ ਦੇਤ ਅਰਜਨਹਿ ਭਏ॥**

**ਜਬ ਅਰਜਨ ਪ੍ਰਭੁ ਲੋਕ ਸਿਧਾਏ॥**

**ਹਰਿਗੋਬਿੰਦ ਤਹਿ ਠਾਂ ਠਹਿਰਾਏ॥੧੧॥**

**ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥**

**ਹਰਿ ਰਾਇ ਤਿਹ ਠਾਂ ਬੈਠਾਏ॥**

**ਹਰਿ ਕ੍ਰਿਸ਼ਨ ਤਿਨ ਕੇ ਸੁਤ ਵਏ।**

**ਤਿਨ ਤੇ ਤੇਗ ਬਹਾਦਰ ਭਏ॥੧੨॥ (ਬਚਿਤ੍ਰ ਨਾਟਕ ਅਧਾਇ ੫)**

ਇਸੇ ਤਰ੍ਹਾਂ ਦਸਮੇਸ਼ ਪਿਤਾ ਦੇ ਅਨਿਨ ਸੇਵਕ ਬ੍ਰਹਮ ਗਿਆਨ ਦੇ ਮਾਲਕ ਭਾਈ ਨੰਦ ਲਾਲ ਜੀ ਨੇ ਲਿਖ ਦਿੱਤਾ

**ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸ੍ਤ॥**

**ਹਮੂ ਰਤਨ ਜੌਹਰ ਹਮੂ ਮਾਨਕ ਅਸ੍ਤ॥ (ਜੋਤਿ ਬਿਗਾਸ)**

ਗੁਰੂ ਗੋਬਿੰਦ ਸਿੰਘ ਭੀ ਉਹੀ ਹਨ ਅਤੇ ਗੁਰੂ ਨਾਨਕ ਭੀ ਉਹੀ ਹਨ।

ਇਹ ਸਾਰੇ ਇਕੋ ਮਾਲਾ ਦੇ ਰਤਨ, ਜਵੇਹਰ ਅਤੇ ਮਾਣਕ ਹਨ।

ਇਨ੍ਹਾਂ ਤੱਥਾਂ ਦੇ ਆਧਾਰ 'ਤੇ "ਬਿਬੇਕ ਦੀਪ ਮਲੀਨ" ਵਾਲੇ ਦਸਮ ਗ੍ਰੰਥ ਵਿਰੋਧੀ ਕੀ ਦਸਵੇਂ ਨਾਨਕ ਨੂੰ ਪਹਿਲੀਆਂ ਨੌਂ ਗੁਰੂ ਜੋਤਾਂ ਤੋਂ ਵੱਖ ਕਰ ਦੇਣਗੇ? ਜਾਂ ਉਹ, ਇਸ ਸੰਦਰਭ ਵਿਚ ਦਸਾਂ ਨੂੰ ਇਕੋ ਜੋਤ ਕਹਿਣਗੇ?

ਹੁਣ ਅਸੀਂ ਪਾਠਕਾਂ ਨੂੰ ਦਸਮ ਗ੍ਰੰਥ ਵਿਰੋਧੀਆਂ ਦੇ ਗਿਆਨ ਦੀ ਝਲਕੀ ਦਿਖਾਉਦੇ ਹਾਂ।

1. ਦਸਮ ਗ੍ਰੰਥ ਦੀ ਅਸਲੀਅਤ (Hard Facts about Dasam Granth) ਦੇ ਲੇਖਕ ਸ੍ਰ. ਦਲਬੀਰ ਸਿੰਘ M.S.C. 31-D Madan Park East Punjabi Bagh New Delhi-26 Phone No. 98990-58458 ਆਪਣੀ ਕਿਤਾਬ ਦੇ ਪੰਨਾ ੨ ਦੇ ਹੇਠਾਂ ਲਿਖਦਾ ਹੈ :

ਸਿੱਖ ਹਰ ਰੋਜ਼ ਰਾਤ ਨੂੰ ਸੋਹਿਲਾ ਬਾਣੀ ਵਿਚ ਪੜ੍ਹਦੇ ਹਨ :

**ਛਿਅ ਘਰ ਛਿਅ ਗੁਰ ਛਿਅ ਉਪਦੇਸ॥**

**ਗੁਰ ਗੁਰ ਏਕੋ ਵੇਸ ਅਨੇਕ॥੨॥**



**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**

**ਸੋ ਘਰੁ ਰਾਖੁ ਵਡਾਈ ਤੋਇ॥੨॥ ਰਹਾਉ॥ (ਗੁਰੂ ਗ੍ਰੰਥ ਸਾਹਿਬ ਅੰਗ ੧੨)**

**ਅਰਥਾਤ, "ਜੇ ਸਿੱਖ ਦੇ ਸਾਹਮਣੇ ਛੇ ਗ੍ਰੰਥ ਰੱਖ ਦਿੱਤੇ ਜਾਣ ਤਾਂ ਸੂਝਵਾਨ ਸਿੱਖ ਕਰਤੇ ਦੀ ਕੀਰਤ (ਨਾਮ) ਨਾਲ ਜੋੜਨ ਵਾਲੇ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਬਾਕੀ ਸਾਰੇ ਗ੍ਰੰਥ ਤਿਆਗ ਦੇਣਗੇ।"**

ਜਦਕਿ ਸਾਰੇ ਵਿਦਵਾਨਾਂ ਨੇ ਅਰਥ ਕੀਤੇ ਹਨ ਕਿ ਛੇ ਸ਼ਾਸ਼ਤਰ (ਘਰ) ਹਨ ਅਤੇ ਇਨ੍ਹਾਂ ਨੂੰ ਰਚਣਹਾਰ ਭੀ ਛੇ, ਰਿਸ਼ੀ (ਗੁਰੂ) ਅਤੇ ਇਨ੍ਹਾਂ ਛੇਆਂ ਦੇ ਵੱਖ-ਵੱਖ ਉਪਦੇਸ਼ ਹਨ। ਸਭ ਗੁਰੂਆਂ ਦਾ ਗੁਰੂ ਪਰਮੇਸ਼ਰ ਆਪ ਹੈ ਅਤੇ ਉਸ ਦੇ ਵੇਸ ਅਨੇਕ ਹਨ। ਭਾਵ, ਜਿਸ ਨੂੰ ਜਿੰਨੀ ਕੁ ਮੱਤ ਦਿੱਤੀ ਹੈ ਉਸ ਨੇ ਉਨਾ ਕੁ ਲਿਖ ਦਿੱਤਾ ਹੈ। ਹੇ ਭਾਈ ਜਿਸ ਘਰ ਵਿਚ ਕਰਤੇ ਪੁਰਖ ਦੇ ਗੁਣ ਗਾਏ ਜਾਂਦੇ ਹਨ ਆਪਣੇ ਮਨ ਨੂੰ ਲਗਾ ਕੇ ਰੱਖ।

2. 'ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ' ਨਾਮੀ ਪੁਸਤਕਾਂ ਦਾ ਕਰਤਾ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਆਪਣੀ ਕਿਤਾਬ 'ਮਾਸੁ ਮਾਸੁ ਕਰਿ ਮੂਰਖੁ ਝਗੜੇ" ਵਾਲੀ ਕਿਤਾਬ ਦੇ ਪੰਨਾ ੩੯ ਤੇ ਇਸ ਤਰ੍ਹਾਂ ਲਿਖਦਾ ਹੈ :

**ਸਿੰਘ ਰੁਚੈ ਸਦ ਭੋਜਨੁ ਮਾਸ॥**

**ਰਣੁ ਦੇਖਿ ਸੂਰੇ ਚਿਤ ਉਲਾਸ॥**

**ਕਿਰਪਨ ਕਉ ਅਤਿ ਧਨ ਪਿਆਰੁ॥**

**ਹਰਿ ਜਨ ਕਉ ਹਰਿ ਹਰਿ ਆਧਾਰੁ॥ ਪੰਨਾ ੧੧੮੦**

ਇਨ੍ਹਾਂ ਤੁਕਾਂ ਦੇ ਸਿੱਧੇ ਸਾਦੇ ਅਤੇ ਸਹੀ ਅਰਥ ਹਨ ਕਿ ਜਿਸ ਤਰ੍ਹਾਂ ਸ਼ੇਰ ਸਦਾ ਹੀ ਮਾਸ ਰੂਪੀ ਭੋਜਨ ਵਿਚ ਰੁਚੀ ਰੱਖਦਾ ਹੈ, ਜੰਗ ਮੱਘਿਆ ਦੇਖਕੇ ਸੂਰਮੇ ਨੂੰ ਚਾਉ ਚੜ੍ਹ ਜਾਂਦਾ ਹੈ, ਕੰਜੂਸ ਨੂੰ ਮਾਇਆ ਨਾਲ ਬਹੁਤ ਪਿਆਰ ਹੁੰਦਾ ਹੈ ਇਸੇ ਤਰ੍ਹਾਂ ਪਰਮੇਸ਼ਰ ਦੇ ਪਿਆਰਿਆਂ ਨੂੰ ਹਮੇਸ਼ਾ ਹੀ ਨਾਮ ਪਿਆਰਾ ਲੱਗਦਾ ਹੈ ਅਤੇ ਇਹੀ ਉਨ੍ਹਾਂ ਦੇ ਜੀਵਨ ਦਾ ਆਧਾਰ ਹੈ। ਪਰ ਕਾਲਾ ਅਫ਼ਗਾਨਾ ਭਾਈ ਜੁਗਿੰਦਰ ਸਿੰਘ ਤਲਵਾੜਾ ਜੀ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ :

(ਤਲਵਾੜਾ ਜੀਓ ! ਕੀ ਦਸਮੇਸ਼ ਜੀ ਦਾ ਸਿੰਘ ਵੀ ਸ਼ੇਰ ਨਹੀਂ ਹੈ?) ਪਰ ਕੀ ਸਤਿਗੁਰਾਂ ਨੇ ਸਾਨੂੰ 'ਸਿੰਘ' ਅਤੇ ਜੰਗ ਗਲੁ ਆ ਪੈਣ 'ਤੇ ਜੋਸ਼ ਵਿਚ ਆ ਜਾਣ ਵਾਲ੍ਹੇ 'ਸੂਰੇ' ਨਹੀਂ ਬਣਾਇਆ? ਫਿਰ ਜੇ ਗੁਰੂ ਦੇ ਸੂਰਮੇ ਸਿੰਘ ਵੀ ਮਾਸ ਮਿਲ ਜਾਣ 'ਤੇ ਖੁਸ਼ੀ ਮਨਾਉਣ ਤਾਂ ਗੁਰਬਾਣੀ ਦੀ ਉਲੰਘਣਾ ਕਿਵੇਂ ਹੋਈ?

ਅੱਠਵੀਂ ਪਾਸ, ਆਪੂੰ ਬਣੇ ਫਰਜ਼ੀ ਪ੍ਰੋਫੈਸਰ ਇੰਦਰ ਸਿੰਘ ਘੱਗਾ ਨੇ ਜੋ ਅਨਰਥ ਗੁਰਬਾਣੀ ਦੇ ਅਰਥਾਂ ਨਾਲ ਕੀਤਾ ਹੈ, ਉਹ, ਉਸ ਵਲੋਂ ਲਿਖੇ ਕਿਤਾਬਚੇ 'ਗਰੁੜ ਚੜ੍ਹੇ ਗੋਬਿੰਦ ਆਇਲਾ" ਪੜ੍ਹ ਕੇ ਹੀ ਪਤਾ ਚੱਲ ਸਕਦਾ ਹੈ। ਅਸੀਂ ਸਾਰੇ ਕਿਤਾਬਚੇ ਦੀ ਗਲਤ ਬਿਆਨੀ ਆਪਣੀ ਕਿਤਾਬ ''ਕਾਮਰੇਡੀ ਸਿੱਖਾਂ ਦੇ ਕੌਤਕ" ਵਿਚ ਖੋਲ੍ਹ ਕੇ ਲਿਖੀ ਹੈ।

ਭਾਈ ਕਸ਼ਮੀਰ ਸਿੰਘ ਦੀ ਪੁਸਤਕ ''ਸਿੱਖ ਜਾਗੋ'' ਦੇ ਉੱਤਰ ਵਿਚ ਇੰਦਰ ਸਿੰਘ ਘੱਗੇ ਦੀ ਲਿਖਤ ਇੰਜ ਹੈ :

''ਪੈਸੇ ਵਾਲੇ ਲੋਕ ਆਪਣੀਆਂ ਖਾਸ ਲੋੜਾਂ ਵਾਸਤੇ, ਹੋਰ ਸਾਜੋ ਸਮਾਨ ਵਾਂਗ ਚੰਗੀ ਨਸਲ ਦੇ ਕੁੱਤੇ ਭੀ ਰੱਖ ਲੈਂਦੇ ਹਨ। ਇਨ੍ਹਾਂ ਪੜ੍ਹਾਏ ਸਿਖਾਏ ਤਿਆਰ ਕੀਤੇ ਕੁੱਤਿਆਂ ਨੂੰ ਜਿਸ ਮਾਲਕ ਵਲੋਂ ਖਾਣਾ ਮਿਲਦਾ ਹੈ, ਉਸ ਨੂੰ ਵੇਖਦਿਆਂ ਹੀ ਪੂਛ ਹਿਲਾਉਂਦੇ ਹਨ। ਬੇਗਾਨੇ ਬੰਦੇ ਵੱਲ ਝਈ ਲੈ ਕੇ ਪੈਂਦੇ ਹਨ। ਮਾਲਕ ਦੇ ਪੈਰ ਚਟਦੇ ਹਨ ਤੇ ਬੇਗਾਨਿਆਂ ਦੇ ਪੈਰ ਕੱਟਦੇ ਹਨ। ਨਸਲਾਂ ਬੜੀਆਂ ਹਨ, ਗੱਦੀ ਕੁੱਤੇ, ਡਾਬਰ ਮੈਨ ਕੁੱਤੇ, ਜਰਮਨ ਸ਼ੈਫਰਡ ਕੁੱਤੇ, ਆਲੀਸ਼ੇਸਨ ਕੁੱਤੇ, ਬੌਣੇ ਕੁੱਤੇ, ਰੂੜੀ ਮਾਰਕਾ ਕੁੱਤੇ। ਬੱਸ ਇਸੇ ਤਰ੍ਹਾਂ ਦੀ ਮਾਨਸਿਕ ਬਣਤਰ ਵਾਲੇ ਮਨੁੱਖ ਆਪਣੇ ਮਾਲਕ ਦੀ ਅੰਨ੍ਹੀ ਵਫ਼ਾਦਾਰੀ ਵਿਚ ਇਨਸਾਨੀਅਤ ਦੇ ਸਾਰੇ ਅਸੂਲ ਭੁੱਲ ਜਾਂਦੇ ਹਨ। ਫਿਰ ਜਿਥੇ ਮਾਲਕ ਆਖੇ ਭੌਂਕਦੇ ਹਨ ਜਾਂ ਕਟਦੇ ਹਨ। ਅਜਿਹੇ ਸੁਭਾਅ ਵਾਲਾ ਹੈ ਇਕ ਵਿਅਕਤੀ ਸ੍ਰੀਮਾਨ ਕਸ਼ਮੀਰ ਸਿੰਘ, ਲੇਖਕ 'ਸਿੱਖ ਜਾਗੋ'।'' ਮੇਰੀ ਲੜਾਈ ਹੈ ਲੁਟੇਰੇ ਸਾਧਾਂ ਨਾਲ। ਮੇਰੀ ਜੰਗ ਹੈ ਸ਼੍ਰੋਮਣੀ ਕਮੇਟੀ ਵਿਚ ਚੱਲ ਰਹੇ ਬਹੁ ਪਰਤੀ ਭ੍ਰਿਸ਼ਟਾਚਾਰ ਨਾਲ। ਮੇਰਾ ਵਿਰੋਧ ਹੈ ਤਖ਼ਤਾਂ ਦੇ 'ਜਥੇਦਾਰਾਂ' ਦੀਆਂ ਆਪਹੁਦਰੀਆਂ ਨਾਲ। ਮੇਰੀ ਟੱਕਰ ਹੈ ਗੁਰਦੁਆਰਿਆਂ ਵਿਚਲੀਆਂ ਮਨਮਤਾਂ ਅਤੇ ਕਰਮਕਾਂਡਾਂ ਨਾਲ। ਮੈਂ ਇਤਿਹਾਸ ਵਿਚੋਂ ਕੂੜ, ਕੁਫ਼ਰ ਕੱਢ ਕੇ, ਗੁਰਬਾਣੀ ਦੇ ਚਾਨਣ ਵਿਚ ਲਿਖਣਾ ਚਾਹੁੰਦਾ ਹਾਂ। ਮੇਰੀ ਇੱਛਾ ਹੈ ਕਿ ਸਿੱਖ ਰਹਿਤ ਮਰਿਆਦਾ ਗੁਰਬਾਣੀ ਆਧਾਰਤ ਬਣਾਈ ਜਾਵੇ। ਮੈਂ ਚਾਹੁੰਦਾ ਹਾਂ ਕਿ ਗੁਰਬਾਣੀ ਦੇ ਅਰਥ ਅਤੇ ਫ਼ਿਲਾਸਫ਼ੀ, ਪੰਥ ਦੇ ਉੱਘੇ ਵਿਦਵਾਨਾਂ ਦੀ ਕਮੇਟੀ, ਵਿਗਿਆਨਕ ਨਜ਼ਰੀਏ ਵਿਚ ਨਵੇਂ ਸਿਰਿਉਂ ਤਿਆਰ ਕਰੇ। ਸ਼੍ਰੋਮਣੀ ਕਮੇਟੀ ਰਾਜਨੀਤਕ ਚਿੱਕੜ ਵਿਚੋਂ ਬਾਹਰ ਨਿਕਲ ਕੇ ਧਾਰਮਿਕ ਦਾਇਰੇ ਵਿਚ ਰਹਿ ਕੇ ਕੰਮ ਕਰੇ.....। ਪਰ ਆਹ ਕਿਸੇ ਦਾ ਪਾਲਤੂ....ਜਿਹਾ ਵਿਚਕਾਰ ਆ ਕੇ ਚਊਂ ਚਊਂ ਕਰਨ ਲੱਗ ਪਿਆ। ਇਹ ਭਾਊ ਕਸ਼ਮੀਰ ਸਿੰਘ ਕੋਲ ਯੋਗਤਾ ਅਤੇ ਪੈਸੇ ਕਿਥੇ ਕਿ ''ਕਿਤਾਬ ਲਿਖੇ? ਪੱਤਰਕਾਰ ਕਰਮਜੀਤ ਸਿੰਘ ਵਰਗਿਆਂ ਤੋਂ ਚਾਲੀ ਪੰਨਿਆਂ ਦੀ ਚਾਲੀ ਮੀਲ ਲੰਮੀ ਭੂਮਿਕਾ ਲਿਖਵਾ ਕੇ, ਫਿਰ ਅਣਗਿਣਤ ਰੁਝੇਵਿਆਂ ਵਿਚੋਂ ਵਕਤ ਕੱਢ ਕੇ ਅਜੀਤ ਅਖ਼ਬਾਰ ਦਾ ਮੁੱਖ ਸੰਪਾਦਕ ਕਿਤਾਬ ਨੂੰ ਰਿਲੀਜ਼ ਕਰੇ। ਇਹ ਕੰਮ ਕਸ਼ਮੀਰ ਸਿੰਘ ਦਾ ਨਹੀਂ ਹੈ। ਇਸ ਦੇ ਪਿਛੇ ਰਿਮੋਟ (ਡੋਰੀ) ਕਿਸੇ ਹੋਰ ਨੇ ਪਕੜਿਆ ਹੋਇਆ ਹੈ। ਜੋ ਸਭਿਅਤਾਹੀਣ ਇਲਜ਼ਾਮ ਇਸ ਸ਼ਖ਼ਸ ਨੇ ਸਾਡੇ 'ਤੇ ਲਾਏ ਹਨ, ਮੈਂ ਨਹੀਂ ਚਾਹੁੰਦਾ ਸੀ ਕਿ ਅਜਿਹੇ ਬੇਹੂਦਾ, ਬੇਸਿਰ ਪੈਰ ਵਾਲੇ ਇਲਜ਼ਾਮਾਂ ਦਾ ਜੁਆਬ ਦਿਆਂ। ਪਰ ਸਹਿਯੋਗੀ, ਵੀਰਾਂ, ਨੌਜਵਾਨਾਂ ਨੇ ਜ਼ੋਰਦਾਰ ਪ੍ਰੇਰਨਾ ਕੀਤੀ ਕਿ ਅਗਰ ਜੁਆਬ ਨਾ ਦਿੱਤਾ ਗਿਆ ਤਾਂ ਕਈ ਨਾ ਸਮਝ ਲੋਕ ਉਸ ਦੀਆਂ ਬਚਗਾਨੀਆਂ ਨੂੰ ਠੀਕ ਮੰਨ ਲੈਣਗੇ। ਜਦੋਂ ਸਾਡੇ ਕੋਲ ਗੁਰਬਾਣੀ ਦਾ ਸਿਧਾਂਤਕ ਗਿਆਨ ਹੈ ਤਾਂ 'ਇੱਟ ਦਾ ਜੁਆਬ ਪੱਥਰ' ਵਾਂਗ ਦੇ ਹੀ ਦੇਣਾ ਚਾਹੀਦਾ ਹੈ।''

ਇਸੇ ਤਰ੍ਹਾਂ ਘੱਗੇ ਦਾ ਵੱਡਾ ਸਮਰਥਕ ਸੰਤਾਂ ਦੇ ਕੌਤਕ ਨਾਮੀ ਪੁਸਤਕਾਂ ਦਾ ਲੇਖਕ



ਸੁਖਵਿੰਦਰ ਸਿੰਘ ਸਭਰਾ, ਮੇਰੇ ਨਾਲ ਹੋਈ ਚਿੱਠੀ ਪੱਤਰ ਦੇ ਆਰੰਭ ਵਿਚ ਇਸ ਤਰ੍ਹਾਂ ਲਿਖਦਾ ਹੈ :

''ਪੱਕਾ ਹਰਾਮਜ਼ਾਦਾ ਕੁੱਤਾ ਕੰਵਰ ਅਜੀਤ ਸਿੰਘ and R.S.S. ਦੀ ਵੈਰੀ ਕੁਤੜੀਏ ਤੈਨੂੰ ਇਹ ਕਿਹਾ ਸੀ ਕਿ ਤਰਦੀਪ ਅਤੇ ਕਸ਼ਮੀਰ ਸਾਨੂੰ ਚੰਗੀ ਤਰ੍ਹਾਂ ਜਾਣਦੇ ਹਨ ਉਨ੍ਹਾਂ ਨੂੰ ਕਹਿ ਕਿ ਸਾਡੇ ਸਾਹਮਣੇ ਤਾਂ ਆਉਣ ਪਰ ਗੰਦੀ ਕੁਤੜੀਏ ਤੂੰ ਅੱਜ ਤੱਕ ਇਨ੍ਹਾਂ ਨੂੰ ਇਤਨਾ ਹੀ ਪੁੱਛ ਲੈ ਕਿ ਸਟੱਡੀ ਸਰਕਲ ਵਿਚੋਂ ਇਨ੍ਹਾਂ ਨੂੰ ਕਿਸ ਲਈ ਕੱਢਿਆ ਸੀ। ਖ਼ਾਲਸਾ ਪੰਚਾਇਤ ਵਿਚੋਂ ਭੀ ਕੱਢ ਦਿੱਤਾ। ਇਥੇ ਤੇਰੀ ਅਤੇ ਇਨ੍ਹਾਂ ਦੀ ਗਿਆਨਤਾ ਆਪਣੇ ਆਪ ਦਿਸ ਆਉਂਦੀ ਹੈ। ਤੂੰ ਕਿਹਾ ਹੈ ਕਿ ਗੁਰਤੇਜ, ਕਾਲਾ ਅਫ਼ਗਾਨਾ ਨੇ ਤੇਰੀਆਂ ਚਿੱਠੀਆਂ ਦਾ ਜਵਾਬ ਨਹੀਂ ਦਿੱਤਾ ਜਿਹੜੇ ਜਵਾਬ ਮੈਂ ਤੇਰੀ ਧੁੰਨੀ ਤੱਕ ਪਹੁੰਚਾਏ ਹਨ ਕੀ ਇਹ ਜਵਾਬ ਨਹੀਂ? ਮੈਂ ਕਾਹਦੇ ਵਾਸਤੇ ਇਥੇ ਬੈਠਾਂ ਹਾਂ। ਕੇਵਲ ਤੈਨੂੰ ਹੀ ਨਹੀਂ ਸਭ ਨੂੰ ਲਿਖਤੀ ਜਵਾਬ ਦੇ ਰਿਹਾ ਹਾਂ। ਮੈਂ ਕਿਸੇ ਦੀ ਭਾਜੀ ਨਹੀਂ ਰਹਿਣ ਦਿੰਦਾ।''

ਸਭਰਾ ਦੀ ਹੱਥ ਲਿਖਤ ਦੀ ਫੋਟੋ ਕਾਪੀ ਅਸੀਂ ਆਪਣੀ ਕਿਤਾਬ 'ਕੌਤਕ ਕਾਮਰੇਡੀ ਸਿੱਖਾਂ' ਵਿਚ ਦਿੱਤੀ ਹੈ। ਪਾਠਕ ਦੇਖ ਸਕਦੇ ਹਨ। ਮਿੱਠ ਬੋਲੜੇ ਸੁਆਮੀ ਦੇ ਪੂਜਕਾਂ ਦੀ ਮਾਨਸਿਕਤਾ ਦੀ ਇਹ ਅਸਲੀ ਫੋਟੋ ਹੈ।

ਇਸੇ ਤਰ੍ਹਾਂ (ਪ੍ਰੋਫੈਸਰ) ਦਰਸ਼ਨ ਸਿੰਘ ਰਾਗੀ ਜੋ ਅੱਜ ਕੱਲ੍ਹ ਟੀ. ਵੀ. ਤੇ ਬੜੇ ਜੋਸ਼ ਨਾਲ ਦਸਮ ਗ੍ਰੰਥ ਦੇ ਬਰਖਿਲਾਫ਼ ਬਿਆਨ ਦੇ ਰਿਹਾ ਹੈ, ਖਾੜਕੂਵਾਦ ਦੇ ਸਮੇਂ ਲੰਮਾ ਸਮਾਂ, ਗੁਰਬਾਣੀ ਦੀਆਂ ਇਹ ਤੁਕਾਂ ਪੜ੍ਹ ਕੇ ਕੌਮ ਨੂੰ ਗੁਮਰਾਹ ਕਰਦਾ ਰਿਹਾ ਹੈ :

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮ ਜੇਤਾ ਕਿਛੁ ਖਾਇ॥ (ਅੰਗ ੧੪੨)**

ਜਥੇਦਾਰ ਜੀ ਇਨ੍ਹਾਂ ਤੁਕਾਂ ਦੇ ਅਰਥ ਕਰਦੇ ਰਹੇ ਕਿ ਗੁਰਬਾਣੀ ਕਹਿ ਰਹੀ ਹੈ ਜੇ ਤੁਹਾਡੀ ਜਿਉਂਦਿਆਂ ਦੀ ਪਤ ਲੱਥ ਗਈ ਤਾਂ ਤੁਹਾਡਾ ਖਾਧਾ ਪੀਤਾ ਸਭ ਹਰਾਮ ਹੈ। ਪਰ ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦਾ ਧਿਆਨ ਨਾਲ ਪਾਠ ਕਰਦੇ ਹਾਂ ਤਾਂ ਪਤਾ ਚਲਦਾ ਹੈ ਇਹ ਸ਼ਲੋਕ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦਾ ਮਾਝ ਕੀ ਵਾਰ ਵਿਚ ਇਸ ਤਰ੍ਹਾਂ ਦਰਜ ਹੈ :

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**

**ਨਾਨਕ ਅਵਰੁ ਨ ਜੀਵੈ ਕੋਇ॥**

**ਜੇ ਜੀਵੈ ਪਤਿ ਲਥੀ ਜਾਇ॥**

**ਸਭੁ ਹਰਾਮ ਜੇਤਾ ਕਿਛੁ ਖਾਇ॥**

**ਅਰਥ :** ਉਹੀ (ਮਨੁੱਖ) ਜਿਉਂਦਾ ਹੈ (ਜੀ ਰਿਹਾ ਹੈ) ਜਿਸ ਦੇ ਮਨ ਵਿਚ ਉਹ ਪਰਮੇਸ਼ਰ ਵੱਸ ਰਿਹਾ ਹੈ। ਭਾਵ ਜੋ ਪਰਮੇਸ਼ਰ ਦੀ ਯਾਦ ਵਿਚ ਜੀ ਰਿਹਾ ਹੈ। ਆਖਦੇ ਹਨ ਨਾਨਕ (ਸਚੇ ਪਾਤਸ਼ਾਹ) ਹੋਰ ਕਿਸੇ ਨੂੰ ਜਿਉਂਦਾ ਨਾ ਜਾਣੋ ਅਤੇ ਜੇ ਉਹ ਜਿਉਂਦਾ ਦਿਸ ਰਿਹਾ ਹੈ ਉਹ (ਐਥੋਂ ਪਤ ਲੁਹਾ ਕੇ ਜਾਵੇਗਾ) ਅਤੇ ਦਰਗਾਹ ਵਿਚ ਭੀ ਪਤ ਨਹੀਂ

ਰਹੇਗੀ ਅਤੇ ਅਜਿਹੇ ਬੰਦੇ ਦਾ ਖਾਧਾ ਪੀਤਾ ਸਭ ਹਰਾਮ ਹੈ।

ਪਰ ਜਥੇਦਾਰ ਜੀ, ਗੁਰਬਾਣੀ ਦੀ ਗਲਤ ਬਿਆਨੀ ਨਾਲ ਸਿੱਖ ਜੁਆਨੀ ਦੀਆਂ ਭਾਵਨਾਵਾਂ ਭੜਕਾ ਕੇ, ਝੂਠੇ ਮੁਕਾਬਲਿਆਂ ਨਾਲ ਮਿਟੀ ਵਿਚ ਮਿਲਾ ਗਏ ਅਤੇ ਜਦ ਆਪਣੇ 'ਤੇ ਆ ਪਈ ਤਾਂ ਸਰਕਾਰ ਨੂੰ ਕੀ ਲਿਖਤ (ਮੁਆਫ਼ੀਨਾਮਾ) ਦੇ ਕੇ ਬਾਹਰ ਆਏ ਹਨ ਉਹ ਆਪ ਹੀ ਦਸ ਸਕਦੇ ਹਨ।

ਸਾਬਕਾ ਜਥੇਦਾਰ ਜੀ ਦੀ ਉਮਰ ਇਸ ਵੇਲੇ 70 ਸਾਲ ਦੇ ਕਰੀਬ ਹੈ ਇਕ ਅੰਦਾਜ਼ੇ ਨਾਲ ਇਨ੍ਹਾਂ ਨੂੰ ਅੰਮ੍ਰਿਤ ਛਕਿਆਂ ਤਕਰੀਬਨ ਪੰਜਾਹ ਸਾਲ ਤੋਂ ਉਪਰ ਹੋ ਗਏ। ਜਿਨ੍ਹਾਂ ਬਾਣੀਆਂ ਨਾਲ ਤਿਆਰ ਕੀਤੀ ਖੰਡਾ ਪਾਹੁਲਾ ਛਕੀ, ਅਕਾਲ ਤਖਤ ਦੇ ਜਥੇਦਾਰ ਹੁੰਦਿਆਂ ਆਪ ਉਨ੍ਹਾਂ ਬਾਣੀਆਂ ਨਾਲ ਹੀ ਤਿਆਰ ਕਰਕੇ ਇਹ ਖੰਡਾ ਪਾਹੁਲਾ ਛਕਾਉਂਦੇ ਰਹੇ ਪਰ ਹੁਣ ਜ਼ਿੰਦਗੀ ਦੇ ਅਖੀਰਲੇ ਪੜਾਅ 'ਤੇ ਆ ਕੇ ਇਨ੍ਹਾਂ ਨੂੰ ਇਲਹਾਮ ਹੋਇਆ ਹੈ ਕਿ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵੈਯੇ ਅਤੇ ਚੌਪਈ ਗੁਰੂ ਬਾਣੀ ਨਹੀਂ ਇਹ ਕੰਜਰ ਬਾਣੀ ਦਾ ਭਾਗ ਹੈ।

ਜਿਹੜਾ ਇਹ ਬਾਰ ਬਾਰ ਸਟੇਜ 'ਤੇ ਆਖਦੇ ਹਨ ਕਿ ਅਸੀਂ ਕੇਵਲ ਧੰਨ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਾਂ, ਉਹ ਭੀ ਇਕ ਪਾਖੰਡ ਹੈ।

ਗੁਰੂ ਸਾਹਿਬ ਦੀ ਬਾਣੀ ਕਹਿ ਰਹੀ ਹੈ :

**ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ**

**ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥ (ਅੰਗ ੪੩੫)**

ਹੁਣ ਇਹ ਆਪ ਹੀ ਦੱਸ ਸਕਦੇ ਹਨ ਕਿ ਹੁਣ ਤੱਕ ਇਨ੍ਹਾਂ ਨੇ ਕਿੰਨੀਆਂ ਲੜਕੀਆਂ ਦੇ ਆਨੰਦ ਕਾਰਜ ਦੀਆਂ ਲਾਵਾਂ ਪੜ੍ਹ ਕੇ ਮਾਇਆ ਦੀਆਂ ਥੈਲੀਆਂ ਲਿੱਤੀਆਂ ਹਨ ਅਤੇ

**ਰੋਟੀਆ ਕਾਰਣਿ ਪੂਰਹਿ ਤਾਲ॥ (ਵਾਰ ਆਸਾ)**

ਵਾਲਾ ਗੁਰ ਫੁਰਮਾਨ ਕੀ ਇਨ੍ਹਾਂ 'ਤੇ ਲਾਗੂ ਨਹੀਂ ਹੁੰਦਾ?

ਇਹ ਇਕ ਛੋਟੀ ਜਿਹੀ ਝਲਕ ਉਨ੍ਹਾਂ ਮਹਾਂਰਥੀਆਂ ਦੀ ਮਾਨਸਿਕਤਾ ਅਤੇ ਬੌਧਿਕ ਪੱਧਰ ਦੀ ਹੈ ਜੋ ਵੱਡੀਆਂ ਵੱਡੀਆਂ ਸਟੇਜਾਂ 'ਤੇ ਉਛਲ ਉਛਲ ਕੇ ਸ੍ਰੀ ਦਸਮ ਗ੍ਰੰਥ ਦੇ ਵਿਰੁੱਧ ਬੋਲ ਰਹੇ ਹਨ ਕਿ ਇਹ ਦਸਵਾਂ ਨਾਨਕ ਨਹੀਂ ਲਿਖ ਸਕਦਾ ਇਹ ਦਸਵੇਂ ਨਾਨਕ ਦਾ ਸਿਧਾਂਤ ਨਹੀਂ, ਆਦਿ-ਆਦਿ।

ਜੈਸੀਆਂ ਨਹੁੰਦਰਾਂ ਇਹ ਅੱਜ ਗੁਰ ਇਤਿਹਾਸ ਅਤੇ ਸ੍ਰੀ ਦਸਮ ਗ੍ਰੰਥ ਨਾਲ ਮਾਰ ਕੇ ਖਿਲਵਾੜ ਕਰ ਰਹੇ ਹਨ ਅਜਿਹੀਆਂ ਕੁਤਰਕਾਂ ਨਾਲ ਕੋਈ ਭੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੂਲੋਂ ਹੀ ਰੱਦ ਕਰ ਸਕਦਾ ਹੈ। ਇਸ ਦੀ ਉਦਾਹਰਣ ਅਸੀਂ ''ਕਾਲਾ ਅਫ਼ਗਾਨਾਂ ਦੀ ਪਰਖ ਕਸਵੱਟੀ'' ਦੇ ਲੇਖ ਰਾਹੀਂ ਆਪਣੀ ਕਿਤਾਬ ''ਕਾਮਰੇਡੀ ਸਿੱਖਾਂ ਦੇ ਕੌਤਕ'' ਵਿਚ ਦਿੱਤੀ ਹੈ।

ਡਾਕਟਰ ਰਤਨ ਸਿੰਘ ਜੱਗੀ, ਜਿਸ ਨੇ ਹੁਣ ਦੇ ਸਮੇਂ ਇਹ ਸਾਰਾ ਫ਼ਤੂਰ ਖੜ੍ਹਾ ਕੀਤਾ ਹੈ, ਨੇ, ਪਹਿਲਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੁੱਧ 'ਥੀਸਸ' ਲਿਖ ਕੇ ਡਾਕਟਰ ਦੀ



ਡਿਗਰੀ ਲੈ ਲਈ ਪਰ ਜਦ ਬਾਬਾ ਵਿਰਸਾ ਸਿੰਘ ਦਿੱਲੀ ਨੇ ਚਾਂਦੀ ਦੀ ਜੁੱਤੀ ਸਿਰ ਵਿਚ ਮਾਰੀ ਤਾਂ ਪੂਰੇ ਦਸਮ ਗ੍ਰੰਥ ਦਾ ਸਟੀਕ ਬਣਾ ਕੇ ਘਰ ਘਰ ਵੰਡ ਰਹੇ ਹਨ। ਇਸ ਤੋਂ ਇਲਾਵਾ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਸਪੁੱਤਰ ਸ੍ਰ. ਭਗਵੰਤ ਸਿੰਘ ਉਰਫ 'ਹਰੀ' ਜੀ ਨੇ ''ਦਸਮ ਗ੍ਰੰਥ ਬਾਣੀ ਬਿਊਰਾ'' ਪੁਸਤਕ ਲਿਖੀ ਹੈ, ਜਿਸ ਦੀ ਸੰਪਾਦਨਾ ਜੱਗੀ ਜੀ ਨੇ ਕੀਤੀ ਹੈ। ਹਰੀ ਜੀ ਸਾਰੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਦੇ ਹਨ ਅਤੇ ਜੱਗੀ ਜੀ ਨੇ ਭੀ ਇਸ ਕਿਤਾਬ ਦੇ ਮੁੱਖ ਬੰਦ ਵਿਚ ਇਸ ਗ੍ਰੰਥ ਦੀਆਂ ਅਨੇਕ ਵਿਸ਼ੇਸ਼ਤਾਈਆਂ ਲਿਖੀਆਂ ਹਨ।

ਜਿਨ੍ਹਾਂ ਤੱਥਾਂ ਦੇ ਆਧਾਰ 'ਤੇ ਜੱਗੀ ਜੀ ਨੇ ਇਸ ਗ੍ਰੰਥ ਦਾ ਗੁਰੂ ਕ੍ਰਿਤ ਹੋਣਾ ਖੰਡਣ ਕੀਤਾ ਸੀ, ਉਸਦਾ ਪੁਆਇੰਟ ਦਰ ਪੁਆਇੰਟ ਉੱਤਰ ਡਾਕਟਰ ਹਰਭਜਨ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਆਪਣੀ ਕਿਤਾਬ ''ਸ੍ਰੀ ਦਸਮ ਗ੍ਰੰਥ ਸਾਹਿਬ ਕਰਤਾ ਸਬੰਧੀ ਵਿਵਾਦ ਦੀ ਪੁਨਰ ਸਮੀਖਿਆ'' ਪ੍ਰਕਾਸ਼ਕ ਬਿਬੇਕ ਪਬਲੀਕੇਸ਼ਨ ਚੌਕ ਕਟੜਾ ਆਹਲੂਵਾਲੀਆ ਸ੍ਰੀ ਅੰਮ੍ਰਿਤਸਰ, ਵਿਚ ਦਿੱਤਾ ਹੈ। ਡਾਕਟਰ ਸਾਹਿਬ ਨੇ ਸਿੱਧ ਕੀਤਾ ਹੈ ਕਿ ਜੱਗੀ ਜੀ ਨੇ ਇਸ ਨੂੰ ਖੰਡਣ ਕਰਨ ਦੀ ਧਾਰਨਾ ਬਣਾ ਕੇ ਹੀ ਆਲੋਚਨਾ ਕਰਨ ਲਈ ਤੱਥਾਂ ਨੂੰ ਤਰੋੜ ਮਰੋੜ ਕੇ ਥੀਸਿਸ ਲਿਖਿਆ ਹੈ ਅਤੇ ਇਹੀ ਹਾਲ ਕਾਲਾ ਅਫਗਾਨਾ ਜਾਂ ਹੋਰ ਦਸਮ ਗ੍ਰੰਥ ਵਿਰੋਧੀਆਂ ਦਾ ਹੈ। ਇਹ, ਕੇਵਲ ਆਪਣੇ ਮਨ ਦੀ ਕਿਆਸ-ਅਰਾਈਆਂ ਦੇ ਆਧਾਰ 'ਤੇ ''ਇਹ ਦਸਵਾਂ ਨਾਨਕ ਨਹੀਂ ਲਿਖ ਸਕਦਾ, ਇਹ ਦਸਵੇਂ ਨਾਨਕ ਦਾ ਸਿਧਾਂਤ ਨਹੀਂ ਹੋ ਸਕਦਾ'' ਆਦਿ ਕਹਿ ਕੇ ਆਮ ਸਿੱਖ ਸੰਗਤ ਨੂੰ ਗੁੰਮਰਾਹ ਕਰ ਰਹੇ ਹਨ।

ਗੁਰੂ ਨਾਨਕ ਸੱਚੇ ਪਾਤਸ਼ਾਹ ਨੇ ਸਿੱਖੀ ਮਹਿਲ ਦੀ ਨਿਉਂ ਧਰੀ ਸੀ। ਇਸ ਨੂੰ ਹਰ ਪੱਖੋਂ ਸੰਪੂਰਨਤਾ ਬਖਸ਼ਕੇ ਖਾਲਸਾਈ ਨਿਸ਼ਾਨ ਦਾ ਉੱਚਾ ਚੌਬਾਰਾ ਦਸਮੇਸ਼ ਪਿਤਾ ਨੇ ਬਣਾਇਆ ਹੈ। ਨਿਉਂ ਲਈ ਸਮੱਗਰੀ ਹੋਰ ਚਾਹੀਦੀ ਹੈ, ਚੌਬਾਰੇ ਲਈ, ਦਿੱਖ ਬਣਾਉਣ ਲਈ ਹੋਰ ਚਾਹੀਦੀ ਹੈ। ਪਰ ਵਿਕੀ ਮਾਨਸਿਕਤਾ ਵਾਲੀਆਂ ਤਰਕਵਾਦੀ ਕਲਮਾਂ ਕਹਿ ਰਹੀਆਂ ਹਨ ਕਿ ਨਿਉਂ ਅਤੇ ਚੌਬਾਰੇ ਵਿਚ ਕੋਈ ਫ਼ਰਕ ਨਹੀਂ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਦੀ ਪ੍ਰਮਾਣਿਕਤਾ ਦੇ ਲਿਖਤੀ ਸਬੂਤ ਅਸੀਂ ਆਪਣੀ ਕਿਤਾਬ "ਮਹਾਂਕਾਲ ਰਖਵਾਰ ਹਮਾਰੋ" ਦੇ ਅੰਤ ਵਿੱਚ ਦਿੱਤੇ ਹਨ। ਇਸੇ ਤਰ੍ਹਾਂ ਪ੍ਰਸਿੱਧ ਵਿਦਵਾਨ ਸਰਦਾਰ ਪਿਆਰਾ ਸਿੰਘ ਪਦਮ ਜੀ ਨੇ ਆਪਣੀ ਪੁਸਤਕ "ਦਸਮ ਗ੍ਰੰਥ ਦਰਪਣ" ਪ੍ਰਕਾਸ਼ਕ ਸਿੰਘ ਬ੍ਰਦਰਜ਼, ਵਿੱਚ ਗੁਰੂ ਸਾਹਿਬ ਦੇ ਹੱਥ-ਲਿਖਤਾਂ ਦੀ ਫੋਟੋ ਦੇ ਕੇ, ਦਿੱਤੇ ਹਨ।

# ਸ੍ਰੀ ਦਸਮ ਗ੍ਰੰਥ ਸਾਹਿਬ ਬਾਰੇ ਸਵਾਲਾਂ ਦੇ ਜਵਾਬ ਦਾ ਜਵਾਬ

ਗੁਰਮਤਿ ਵਿਚਾਰ ਕੇਂਦਰ ਵਲੋਂ ਪ੍ਰਕਾਸ਼ਤ ''ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵਿਰੋਧੀਆਂ ਨੂੰ ਕੁਝ ਸਵਾਲ'' ਨਾਮੀ ਟ੍ਰੈਕਟ ਫਤਹਿਗੜ੍ਹ ਸਾਹਿਬ ਦੇ ਜੋੜ ਮੇਲੇ 'ਤੇ ਸੰਗਤਾਂ ਨੂੰ ਵੰਡੇ ਸਨ ਜਿਸ ਦਾ ਜਵਾਬ ਸਪੋਕਸਮੈਨ ਦੇ 10 ਮਾਰਚ 2010 ਦੇ ਅੰਕ ਵਿਚ ਤੱਤ ਗੁਰਮਤਿ ਵਾਲਿਆਂ ਨੇ ਦਿੱਤਾ ਹੈ। ਸਾਰੇ ਜਵਾਬਾਂ ਦਾ ਲੜੀਵਾਰ ਸਪਸ਼ਟੀਕਰਨ ਗੁਰਮਤਿ ਕੇਂਦਰ ਵਲੋਂ ਦਿੱਤਾ ਜਾ ਰਿਹਾ ਹੈ। ਆਸ ਹੈ ਤਤਿ ਗੁਰਮਤਿ ਵੀਚਾਰ ਵਾਲੇ ਇਸ ਵਿਸ਼ੇ 'ਤੇ ਹੋਰ ਚਾਨਣ ਪਾ ਕੇ ਸੰਗਤਾਂ ਦੇ ਗਿਆਨ ਵਿਚ ਵਾਧਾ ਕਰਨਗੇ।

**ਪ੍ਰਸ਼ਨ ਨੰ. 1.** ਮਹਾਨ ਕੋਸ਼ ਦੇ ਪੰਨਾ 616 ਅਨੁਸਾਰ, ਸੂਝਵਾਨ ਅਤੇ ਵਿਦਵਾਨ ਬੰਦਿਆਂ ਲਈ ਇਹ ਇਕ ਸਰਵ ਪ੍ਰਵਾਨਤ ਤੱਥ ਹੈ ਕਿ ਦਸ਼ਮੇਸ਼ ਪਿਤਾ ਦੇ ਜੋਤੀ ਜੋਤਿ ਸਮਾਉਣ ਪਿਛੋਂ, ਮਾਤਾ ਸੁੰਦਰ ਕੌਰ ਜੀ ਦੀ ਪ੍ਰੇਰਣਾ ਅਨੁਸਾਰ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਜਿਥੋਂ ਕਿਥੋਂ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਰਚਿਤ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਉਤਾਰੇ ਲੱਭ ਕੇ ਮੌਜੂਦਾ ਬੀੜ ਦਾ ਰੂਪ ਦਿੱਤਾ। ਇਸ ਬਾਰੇ ਮਿਸਲ ਕਾਲ ਤੋਂ ਲੈ ਕੇ 1930 ਤੱਕ, ਭਸੌੜ ਦੇ ਬਾਬੂ ਤੇਜਾ ਸਿੰਘ ਤੋਂ ਪਹਿਲਾਂ ਕਿਸੇ ਇਕ ਬੰਦੇ ਨੇ ਭੀ ਇਸ ਗ੍ਰੰਥ ਦੇ ਗੁਰੂ ਕ੍ਰਿਤ ਹੋਣ ਬਾਰੇ ਕੋਈ ਸ਼ੰਕਾ ਨਹੀਂ ਕੀਤਾ ਬਲਕਿ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਦੇਸਾ ਸਿੰਘ ਦੇ ਰਚਿਤ ਰਹਿਤਨਾਮੇ ਅਨੁਸਾਰ :

**ਦੂਹੂੰ ਗ੍ਰੰਥ ਮਹਿ ਬਾਨੀ ਜੋਈ॥**
**ਚੁਨਿ ਚੁਨਿ ਕੰਠ ਕਰੇ ਨਿਤ ਸੋਈ॥**

ਦੇ ਆਧਾਰ ਤੇ ਆਦਿਕਾਲ ਵਿਚ ਸਭ ਸਿੰਘ, ਸ੍ਰੀ ਦਸਮ ਗ੍ਰੰਥ ਸਾਹਿਬ ਦੀ ਕਲਿਆਣਕਾਰੀ ਬਾਣੀ ਦਾ ਪਾਠ ਕਰਦੇ ਸਨ। ਇਸੇ ਆਧਾਰ 'ਤੇ ਸ਼੍ਰੋ. ਗੁ. ਪ੍ਰ. ਕਮੇਟੀ ਵਲੋਂ ਪ੍ਰਕਾਸ਼ਿਤ ਸਿੱਖ ਰਹਿਤ ਮਰਯਾਦਾ ਵਿਚ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਦੇ ਨਿਤਨੇਮ ਨਾਲ ਪਾਠ ਕਰਨ ਦੀ ਹਦਾਇਤ ਦਿੱਤੀ ਗਈ ਹੈ ਅਤੇ ਇਸ ਗ੍ਰੰਥ ਦੀਆਂ ਚੋਣਵੀਆਂ ਬਾਣੀਆਂ ਦਾ ਸੰਗ੍ਰਿਹ "ਦਸ ਗ੍ਰੰਥੀ" ਦੇ ਨਾਉਂ ਹੇਠ ਛਾਪੀ ਜਾ ਰਹੀ ਹੈ। ਬਦਕਿਸਮਤੀ ਨਾਲ, ਅਗਿਆਨਤਾ ਵੱਸ, ਹੁਣ ਕੁਝ ਸੱਜਣ ਇਸ ਤੋਂ ਇਨਕਾਰੀ ਕਿਉਂ ਹਨ।

**1. ਉੱਤਰ :** ਉਨ੍ਹਾਂ ਦਾ ਤਰਕ ਹੈ ਕਿ ਦਸ਼ਮੇਸ਼ ਪਿਤਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਗਏ ਹਨ, ਇਸ ਲਈ ਅਸੀਂ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਾਂਗੇ। ਮਹਾਨ ਕੋਸ਼ ਦੇ ਪੰਨਾ 616 ਉਤੇ ਭਾਈ ਮਨੀ ਸਿੰਘ ਜੀ ਦੀ ਮਹਾਨਤਾ ਦੱਸਣ ਦੇ ਨਾਲ ਨਾਲ ਇਹ ਭੀ ਦਰਜ਼ ਹੈ ਕਿ ਭਾਈ ਮਨੀ ਸਿੰਘ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਨੂੰ ਵਿਗਾੜ ਕੇ ਗੁਰੂ ਵਿਅਕਤੀ ਅਤੇ ਭਗਤ ਤਰਤੀਬ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਕਰਕੇ ਖ਼ਾਲਸਾ ਪੰਥ ਦੀ ਕ੍ਰੋਪੀ ਦਾ ਨਿਸ਼ਾਨਾ ਬਣੇ ਅਤੇ ਉਨ੍ਹਾਂ ਨੇ ਹੀ ਲੱਭ ਕੇ ''ਦਸਮ ਗ੍ਰੰਥ'' ਦੀ ਬੀੜ ਤਿਆਰ ਕੀਤੀ ਅਨਜਾਣ ਅਤੇ ਮਨ-ਮੌਜੀ ਲਿਖਾਰੀਆਂ ਦੀ ਕ੍ਰਿਪਾ ਨਾਲ ਕਈ ਬੀੜਾਂ ਬਣ ਗਈਆਂ ਅਰਥ ਤੋਂ ਅਨਰਥ ਹੋ ਗਏ। ਵੱਡੇ ਤੋਂ ਵੱਡਾ ਬੰਦਾ ਭੀ ਗਲਤੀ ਕਰ ਸਕਦਾ ਹੈ। 'ਭੁੱਲਣ ਅੰਦਰ ਸਭ ਕੋ'



**ਸਪਸ਼ਟੀਕਰਨ :** ਤਤਿ-ਗੁਰਮਤਿ ਵਾਲੇ ਮੁਹਾਲੀ ਦੇ ਵੀਰ ਅਮਰਜੀਤ ਸਿੰਘ ਨੇ ਦੋ ਗੱਲਾਂ ਸ੍ਰੀ ਦਸਮ ਗ੍ਰੰਥ ਅਤੇ ਬੇ-ਤਰਤੀਬ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਲ ਮਿਲਗੋਭਾ ਕਰ ਕੇ ਭੁਲੇਖਾ ਪਾਊ ਗੱਲ ਕੀਤੀ ਹੈ। ਮਹਾਨ ਕੋਸ਼ ਦੇ ਪੰਨਾ 616 ਦੀ ਲਿਖਤ ਤੋਂ ਸਾਬਤ ਹੁੰਦਾ ਹੈ ਕਿ ''ਦਸਮ ਗ੍ਰੰਥ'' ਦੀ ਬੀੜ ਅਤੇ ਹਰਿਮੰਦਰ ਸਾਹਿਬ ਦੇ ਸੇਵਾ ਭਾਈ ਮਨੀ ਸਿੰਘ ਜੀ ਨੇ ਮਾਤਾ ਸੁੰਦਰੀ ਜੀ ਦੀ ਆਗਿਆ ਅਨੁਸਾਰ ਕੀਤੀ। ਦਸਮ ਗ੍ਰੰਥ ਸਾਹਿਬ ਦੀਆਂ ਪੋਥੀਆਂ ਇਕੱਠੀਆਂ ਕਰਨ ਬਾਰੇ ਭਾਈ ਸਾਹਿਬ ਦੀ ਮਾਤਾ ਸੁੰਦਰੀ ਜੀ ਵੱਲ ਲਿਖੀ ਚਿੱਠੀ History of Compilation of Dasam Granth by Dr. Tarlochan Singh, ''ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਧਿਆਤਮਕ ਅਤੇ ਇਤਿਹਾਸਕ ਪੱਖ'' ਪ੍ਰਕਾਸ਼ਕ ਗੁਰਮਤਿ ਵੀਚਾਰ ਕੇਂਦਰ, ਡਾ. ਹਰਭਜਨ ਸਿੰਘ ਦੀ ਪੁਸਤਕ ''ਸ੍ਰੀ ਦਸਮ ਗ੍ਰੰਥ ਸਾਹਿਬ ਕਰਤਾ ਸਬੰਧੀ ਵਿਵਾਦ ਦੀ ਪੁਨਰ-ਸਮੀਖਿਆ'' ਦੇ ਪੰਨਾ 27 ਤੇ ਲੱਗ ਹੋਈ ਹੈ। ਜਦਕਿ ਰਾਗ ਤਰਤੀਬ ਤੋੜ ਕੇ ਬਣਾਈ ਬੀੜ ਭਾਈ ਮਨੀ ਸਿੰਘ ਜੀ ਨੇ ਆਪਣੀ ਮਰਜ਼ੀ ਨਾਲ ਬਣਾਈ ਸੀ।

ਰਾਗ ਤਰਤੀਬ ਤੋੜ ਕੇ ਬਣਾਈ ਬੀੜ ਪੰਥ ਨੇ ਪ੍ਰਵਾਣ ਨਹੀਂ ਕੀਤੀ ਅਤੇ ਭਾਈ ਸਾਹਿਬ ਪੰਥ ਕਰੋਪੀ ਦਾ ਸ਼ਿਕਾਰ ਬਣੇ। ਪਰ ਭਾਈ ਕਾਨ੍ਹ ਸਿੰਘ ਦੀ ਲਿਖਤ ਅਨੁਸਾਰ ''ਸ੍ਰੀ ਦਸਮ ਗ੍ਰੰਥ ਸਾਹਿਬ'' ਵਾਲੀ ਬੀੜ ਪੰਥ ਨੇ ਸਰਬ ਸੰਮਤੀ ਨਾਲ ਪ੍ਰਵਾਣ ਕੀਤੀ। ਇਸ ਲਈ ਬਾਬਾ ਦੀਪ ਸਿੰਘ ਅਤੇ ਹੋਰ ਗੁਰਮੁੱਖਾਂ ਨੇ ਇਸ ਦੇ ਉਤਾਰੇ ਕੀਤੇ। ਕਹਿ ਸਕਦੇ ਹਾਂ ਕਿ ਭਾਈ ਮਨੀ ਸਿੰਘ ਜੀ ਨੇ ਬੀੜ ਬਣਾਉਣ ਲਈ ਕੋਈ ਗ਼ਲਤੀ ਨਹੀਂ ਕੀਤੀ।

ਭਾਈ ਮਨੀ ਸਿੰਘ ਵਾਲੀ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਵਿਚ ਇਕ ਪੰਨਾ ਦਸਮੇਸ਼ ਪਿਤਾ ਦੇ ਆਪਣੇ ਕਰ ਕਮਲਾਂ ਦਾ ਲਿਖਿਆ ਲੱਗਾ ਹੋਇਆ ਹੈ ਜਿਸ ਦੀ ਫੋਟੋ ਮਹਾਨ ਕੋਸ਼ ਦੇ ਪੰਨਾ 419 ਤੇ ਲੱਗੀ ਹੋਈ ਹੈ। ਇਸੇ ਤਰ੍ਹਾਂ ਡਾ. ਤ੍ਰਿਲੋਚਨ ਸਿੰਘ ਜੀ ਵਲੋਂ ਲਿਖੀ ਪੁਸਤਕ ''ਹਿਸਟਰੀ ਆਫ਼ ਕੰਪੀਲੇਸ਼ਨ ਆਫ਼ ਦਸਮ ਗ੍ਰੰਥ'' ਵਿਚ ਇਕ ਪੰਨਾ ਗੁਰੂ ਸਾਹਿਬ ਦੀ ਆਪਣੀ ਲਿਖਤ ਦਾ ਦਿੱਤਾ ਹੋਇਆ ਹੈ। ਪਰ ਪ੍ਰਿੰਸੀਪਲ ਹਰਭਜਨ ਸਿੰਘ ਸਿੱਖ ਮਿਸ਼ਨਰੀ ਕਾਲਜ ਕੂਚਾ ਫੀਲਡ ਗੰਜ ਲੁਧਿਆਣਾ ਵਲੋਂ ਲਿਖੀ ਪੁਸਤਕ 'ਦਸਮ ਗ੍ਰੰਥ'' ਬਾਰੇ ਜਾਣਕਾਰੀ'' ਅਤੇ ਹੋਰ ਦਸਮ ਗ੍ਰੰਥ ਵਿਰੋਧੀਆਂ ਨੇ ਦੋਨੋਂ ਗੱਲਾਂ ਰਲਗਡ ਕਰ ਕੇ ਸੰਗਤਾਂ ਨੂੰ ਕੁਰਾਹੇ ਪਾਉਣ ਦਾ ਕੰਮ ਕੀਤਾ ਹੈ।

**ਪ੍ਰਸ਼ਨ ਨੰ. 2.** ਅਸੀਂ ਸਵਾਲ ਕੀਤਾ ਕਿ ਕੀ ਜਿਸ ਕਸਵੱਟੀ ਨਾਲ ਪਰਖ ਕੇ ਅੱਜ ਦੇ ਦਸਮ ਗ੍ਰੰਥੀ ਵਿਰੋਧੀ ਇਸ ਦਾ ਖੰਡਣ ਕਰ ਰਹੇ ਹਨ ਕੀ ਭਾਈ ਮਨੀ ਸਿੰਘ ਕੋਲ ਇਹ ਕਸਵੱਟੀ ਨਹੀਂ ਸੀ?

ਤਤਿ ਗੁਰਮਤਿ ਵਾਲਿਆਂ ਨੇ ਉਹੀ ਉਤਰ ਦਿੱਤਾ ਹੈ ਕਿ ਭਾਈ ਮਨੀ ਸਿੰਘ ਨੇ ਬੀੜ ਬਣਾ ਕੇ ਗਲਤੀ ਕੀਤੀ। ਸਾਡੇ ਸਪਸ਼ਟੀਕਰਨ ਤੋਂ ਸਿੱਧ ਹੁੰਦਾ ਹੈ ਕਿ ਹੁਣ ਦੀਆਂ ਕਸਵੱਟੀਆਂ ਲਾਉਣ ਵਾਲੇ ਗ਼ਲਤ ਹਨ ਅਤੇ ਭਾਈ ਸਾਹਿਬ ਠੀਕ ਸੀ।

**ਪ੍ਰਸ਼ਨ ਨੰ. 3.** ਜਿਹੜੇ ਬੰਦੇ ਇਹ ਕਹਿੰਦੇ ਹਨ ਕਿ ਅਸੀਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਲਿਖਿਆ ਹੈ ਕੇਵਲ ਉਹ ਹੀ ਮੰਨਾਂਗੇ ਤਾਂ ਫਿਰ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ, ਬੋਲੇ ਸੋ ਨਿਹਾਲ ਦਾ ਜੈ-ਕਾਰਾ ਗੁਰਦੁਆਰਾ ਸਾਹਿਬ ਵਿਚ ਨਿਸ਼ਾਨ ਸਾਹਿਬ ਲਗਾਉਣ, ਕੜਾਹ ਪ੍ਰਸਾਦ ਵਰਤਾਉਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਕਿਥੇ ਲਿਖਿਆ ਹੈ? ਕੀ ਇਨ੍ਹਾਂ ਨੂੰ ਛੱਡ ਦੇਵੋਗੇ?

**ਜਵਾਬ :** ਬਹੁਤ ਸਾਰੀਆਂ ਗੱਲਾਂ ਰਵਾਇਤਾਂ ਬਣ ਜਾਂਦੀਆਂ ਹਨ, ਗੁਰਦੁਆਰੇ ਵਿਚ ਸਿਰ ਢੱਕ ਕੇ ਅਤੇ ਨੰਗੇ ਪੈਰੀਂ ਆਉਣਾ ਸਭ ਪੁਰਾਤਨ ਰਵਾਇਤਾਂ ਹਨ।

**ਸਪਸ਼ਟੀਕਰਨ :** ਜੇ ਰਵਾਇਤ ਹੀ ਮੰਨ ਲਈਏ ਤਾਂ 300 ਸਾਲ ਤੋਂ ਚੱਲ ਰਹੀਆਂ ਰਵਾਇਤਾਂ ਨੂੰ ਤੋੜਨ ਦਾ ਹੱਕ ਕਿਸੇ ਵਿਅਕਤੀ ਜਾਂ ਕਿਸੇ ਇਕ ਸੰਸਥਾ ਕੋਲ ਹੈ? ਪਰ ''ਦਸਮ ਗ੍ਰੰਥ ਸਾਹਿਬ'' ਦੀ ਬੀੜ ਰਵਾਇਤ ਨਹੀਂ ਮਹਾਨਕੋਸ਼ ਦੇ ਪੰਨਾ 616 ਅਨੁਸਾਰ ਸਰਬ ਸੰਮਤੀ ਨਾਲ ਪਰਵਾਨ ਹੋਇਆ ਪੰਥਕ ਫੈਸਲਾ ਹੈ। ਇਸ ਨੂੰ ਇਕ ਰਵਾਇਤ ਕਹਿਣਾ ਵੀ ਸਮਝਦਾਰੀ ਦੀ ਗੱਲ ਨਹੀਂ ਹੈ।

**ਪ੍ਰਸ਼ਨ 4 :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਜਪਣ ਅਤੇ ਕੀਰਤਨ ਕਰਨ ਦਾ ਸਪਸ਼ਟ ਆਦੇਸ਼ ਹੈ। ਪਰ ਤੇਗ਼ ਚਲਾਉਣ ਲਈ ਕਿਥੇ ਲਿਖਿਆ ਹੈ? ਜਦਕਿ ਪੰਥ ਵਿਚ ਆਦਿ ਕਾਲ ਤੋਂ ''ਦੇਗ ਤੇਗ਼ ਫਤਹਿ'' ਦਾ ਬੋਲਾ ਪ੍ਰਵਾਨ ਹੈ।

**4. ਉਤਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਜਪਣ ਦੇ ਨਾਲ ਧਰਮ ਲਈ ਲੜਨ ਮਰਨ ਦੇ ਅਨੇਕਾਂ ਉਪਦੇਸ਼ ਹਨ।

**1. ਜਉ ਤਉ ਪ੍ਰੇਮ ਖੇਲਨ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**2. ਗਗਨ ਦਮਾਮਾ ਬਾਜਿਓ। ਪਰਿਓ ਨਿਸਾਨੈ ਘਾਓ॥**
**3. ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥**
**4. ਸੂਰੁ ਕਿ ਸਨਮੁਖ ਰਨ ਤੇ ਡਰਪੈ। ਸਤੀ ਕਿ ਸਾਚ ਭਾਂਡੈ॥**
**5. ਪਹਿਲਾ ਮਰਣੁ ਕਬੂਲ ਜੀਵਣ ਕੀ ਛਡਿ ਆਸ॥**
**6. ਰਣ ਦੇਖਿ ਸੂਰੇ ਚਿਤ ਉਲਾਸ॥**

**ਸਪਸ਼ਟੀਕਰਨ :** ਕਿਸੇ ਸ਼ਬਦ ਦੀ ਇਕ ਤੁਕ ਜਾਂ ਅੱਧੀ ਤੁਕ ਲੈ ਕੇ ਉਸ ਦੇ ਅਰਥਾਂ ਦਾ ਪਤਾ ਨਹੀਂ ਲੱਗ ਸਕਦਾ, ਐਸਾ ਸਿਧਾਂਤ ''ਦਸਮ ਗ੍ਰੰਥ'' ਵਿਰੋਧੀ ਆਪ ਹੀ ਕਰਦੇ ਹਨ। ਜਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਨ੍ਹਾਂ ਸ਼ਬਦਾਂ ਦਾ ਵਿਚਾਰ ਕਰਦੇ ਹਾਂ, ਜਿਥੋਂ ਇਹ ਤੁਕਾਂ ਲਈਆਂ ਗਈਆਂ ਹਨ ਤਾਂ ਸਪਸ਼ਟ ਤੌਰ 'ਤੇ ਇਨ੍ਹਾਂ ਦਾ ਸਾਡੇ ਵਲੋਂ ਦਿੱਤੇ ਸਵਾਲ ਦੇ ਵਿਸ਼ਾ ਵਸਤੂ ਨਾਲ ਕੋਈ ਸਬੰਧ ਨਹੀਂ ਹੈ।

**ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ॥**
**ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਆਪਨੀ ਜੀਤ ਕਰੋਂ॥**
**ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥**
**ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਣ ਮਹਿ ਤਬ ਜੂਝ ਮਰੋਂ॥**
**(ਸਵ. ੨੩੧ ਚੰਡੀ ਚਰਿਤ੍ਰ)**
**ਧੰਨ ਜੀਓ ਤਿਹ ਕੋ ਜਗ ਮਹਿ ਮੁਖ ਤੇ ਹਰਿ ਚਿਤ ਮੈ ਜੁਧ ਬੀਚਾਰੈ॥**
**ਦੇਹ ਅਨਿਤ ਨ ਨਿੱਤ ਰਹੈ ਜਸ ਨਾਵ ਚੜ੍ਹੈ ਭਵ ਸਾਗਰ ਤਾਰੈ।**
**(ਕ੍ਰਿਸ਼ਨਾਵਤਾਰ)**
**ਦੇਗ ਤੇਗ ਜਗ ਮੇ ਦੋਊ ਚਲੈ॥ ਰਾਖ ਆਪਿ ਮੁਹਿ ਅਵਰ ਨ ਦਲੈ॥**

ਦਸਮ ਗ੍ਰੰਥ ਦੀ ਸਾਰੀ ਬਾਣੀ ਦੀ ਸ਼ੈਲੀ, ਸ਼ਬਦਾਵਲੀ ਐਸੀ ਹੈ ਕਿ ਖੰਡੇ ਖੜਕਦੇ, ਘੋੜੇ ਹਿਣਕਦੇ, ਤੀਰ ਚਲਦੇ ਸਾਕਾਰ ਨਜ਼ਰ ਆਉਂਦੇ ਹਨ। ਇਸੇ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ 'ਤੇ ਢਾਡੀਆਂ ਤੋਂ ਵਾਰਾਂ ਗਾਉਣ ਦੀ ਰੀਤ ਤੋਰੀ ਸੀ, ਅਤੇ ਇਸੇ ਕਮੀ ਨੂੰ ਦਸਮੇਸ਼ ਪਿਤਾ ਦੀ ਬਾਣੀ ਨੇ ਪੂਰਾ ਕੀਤਾ ਹੈ।



**5. ਸਵਾਲ :** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਦੇ ਰਚੈਤਾ ਗੁਰੂਆਂ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਰੇ ਕੀ ਪਤਾ ਚਲਦਾ ਹੈ? ਜਦਕਿ ਬਚਿਤ੍ਰ ਨਾਟਕ ਵਿਚੋਂ ਸਾਰੇ ਗੁਰੂ ਸਾਹਿਬਾਨ ਤੋਂ ਇਲਾਵਾ ਦਸਮੇਸ਼ ਪਿਤਾ ਜੀ ਦੀ ਭੂਆ ਦੇ ਪੰਜੇ ਪੁੱਤਰ, ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਮਾਮਾ ਕ੍ਰਿਪਾਲ ਦਾ ਵੇਰਵਾ ਮਿਲਦਾ ਹੈ।

**ਜਵਾਬ :** ਹੈਰਾਨੀ ਦੀ ਗੱਲ ਹੈ ਕਿ ਸਿੱਖ ਇਤਿਹਾਸ ਦੀਆਂ ਮਹਾਨ ਘਟਨਾਵਾਂ ਬਾਰੇ ਦਸਮ ਗ੍ਰੰਥ ਵਿਚ ਦੋ ਚਾਰ ਤੁਕਾਂ ਤੋਂ ਬਿਨਾਂ ਕੁਝ ਵੀ ਨਹੀਂ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੀਆਂ ਉਦਾਸੀਆਂ, ਅੰਮ੍ਰਿਤਸਰ ਦੀ ਉਸਾਰੀ, ਸ਼ਹੀਦਾਂ ਦੇ ਸਿਰਤਾਜ ਦੀ ਸ਼ਹੀਦੀ, ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, ਗੁਰੂ ਹਰਿਗੋਬਿੰਦ ਸਾਹਿਬ ਦੇ ਯੁੱਧ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਤੋਂ ਕੇਵਲ 50 ਸਾਲ ਪਹਿਲਾਂ ਲੜੇ ਗਏ, ਇਨ੍ਹਾਂ ਮਹਾਨ ਘਟਨਾਵਾਂ ਬਾਰੇ ਇਕ ਅੱਖਰ ਨਹੀਂ ਲਿਖਿਆ ਮਿਲਦਾ। ਸਿਰਫ਼ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਕੁਝ ਕੁ ਸਤਰਾਂ ਮਿਲਦੀਆਂ ਹਨ। ਪਰ ਲਗਦਾ ਹੈ ਰਚਨਹਾਰ, ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਸਤੀ ਦਾਸ ਨੂੰ ਭੁੱਲ ਗਿਆ। ਨਾ ਹੀ ਉਸ ਸਮੇਂ ਦੇ ਹਾਲਾਤ ਬਾਰੇ ਕੋਈ ਗੱਲ ਮਿਲਦੀ ਹੈ ਜਿਨ੍ਹਾਂ ਕਰਕੇ ਗੁਰੂ ਸਾਹਿਬ ਨੂੰ ਸ਼ਹੀਦੀ ਦੇਣੀ ਪਈ। ਹਾਂ ਮਿਥਿਹਾਸਕ ਘਟਨਾਵਾਂ ਬਾਰੇ ਪੰਨੇ ਦੇ ਪੰਨੇ ਭਰੇ ਪਏ ਹਨ। ਚੌਬੀਸ ਅਵਤਾਰ ਦੇ ਯੁੱਧ ਅਤੇ ਹੋਰ ਬਹੁਤ ਕੁਝ ਲਿਖਿਆ ਪਿਆ ਹੈ।

**ਸਪਸ਼ਟੀਕਰਨ :** ਗੁਰੂ ਨਾਨਕ ਦੇਵ ਮਹਾਰਾਜ ਦੀਆਂ ਉਦਾਸੀਆਂ ਬਾਰੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਪਹਿਲਾਂ ਹੀ ਲਿਖਿਆ ਪਿਆ ਹੈ। ਅੰਮ੍ਰਿਤਸਰ ਦੇ ਤਾਲ ਉਸਾਰੀ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਈ ਸ਼ਬਦ ਦਰਜ਼ ਹਨ। ਗੁਰੂ ਅਰਜਨ ਦੇਵ ਮਹਾਰਾਜ ਦੀ ਸ਼ਹੀਦੀ ਲਈ ਭਾਈ ਗੁਰਦਾਸ ਜੀ ਨੇ ਭੀ ਇਕ ਸਤਰ ਭੀ ਨਹੀਂ ਲਿਖੀ ਅਤੇ ਨਾ ਹੀ ਭਾਈ ਸਾਹਿਬ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਜੁੱਧਾਂ ਦਾ ਜ਼ਿਕਰ ਕੀਤਾ ਹੈ ਤਾਂ ਕੀ ਭਾਈ ਗੁਰਦਾਸ ਦੀ ਰਚਨਾ ਛੱਡ ਦੇਵੋਗੇ? ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਤੋਂ ਭੀ ਇਸ ਗੱਲ ਦਾ ਕੋਈ ਵੇਰਵਾ ਨਹੀਂ ਮਿਲਦਾ। ਜਦਕਿ ਅਜਾਮਲ, ਗਨਿਕਾ ਅਤੇ ਦ੍ਰੋਪਤੀ ਦੇ ਉਧਾਰ, ਪੁਰਾਣਕ ਕਥਾਵਾਂ ਦੇ ਹਵਾਲੇ ਅਨੇਕਾਂ ਸ਼ਬਦਾਂ ਵਿਚ ਮਿਲਦੇ ਹਨ। ਕੀ ਇਹ ਛੱਡ ਦਿੱਤੇ ਜਾਣ? ਪੌਰਾਣਕ ਦੇਵੀ ਦੇਵਤਿਆਂ ਦੇ ਯੁੱਧਾਂ ਦਾ ਵਰਨਣ ਦੀ ਕੀ ਲੋੜ ਸੀ। ਇਹ ਭਾਈ ਕਾਨ੍ਹ ਸਿੰਘ ਜੀ ਦੇ ਸਪੁੱਤਰ ਭਾਈ ਭਗਵੰਤ ਸਿੰਘ (ਹਰੀ ਜੀ) ਦੀ ਲਿਖੀ ਪੁਸਤਕ ''ਦਸਮ ਗ੍ਰੰਥ ਬਾਣੀ ਬਿਉਰਾ'' ਸੰਪਾਦਕ ਡਾਕਟਰ ਰਤਨ ਸਿੰਘ ਜੱਗੀ ਨੇ ਮੁੱਖ ਬੰਦ ਵਿਚ ਪੰਨਾ VIII ਤੋਂ ਲੈ ਕੇ XIII ਲਿਖਿਆ ਹੈ ਪੜ੍ਹ ਲੈਣਾ, ਇਹੀ ਵੀਚਾਰ ਬਾਕੀ ਲੇਖਕਾਂ ਨੇ ਦਿੱਤੇ ਹਨ। ਦਸਮ ਗ੍ਰੰਥ ਵਿਰੋਧੀਆਂ ਦੀ ਇਹ ਆਦਤ ਹੈ ਕਿ ਜੋ ਲਿਖਿਆ ਹੈ ਉਸ ਨੂੰ ਮੰਨਣਾ ਨਹੀਂ ਅਤੇ ਜੋ ਨਹੀਂ ਲਿਖਿਆ ਉਸ ਨੂੰ ਉਛਾਲਣਾ ਹੈ। ਦਸ਼ਮੇਸ਼ ਪਿਤਾ ਦਾ ਉਦੇਸ਼ ਸਿੱਖ ਇਤਿਹਾਸ ਲਿਖਣਾ ਨਹੀਂ ਸੀ ਅਤੇ ਜਿਸ ਉਦੇਸ਼ ਲਈ ਲਿਖਿਆ ਹੈ ਉਹ ਇਨ੍ਹਾਂ ਦੇ ਪੱਲੇ ਨਹੀਂ ਪੈ ਰਿਹਾ ਜਾਂ ਫਿਰ ਜਾਣ ਬੁਝ ਕੇ ਸਮਝਣਾ ਨਹੀਂ ਚਾਹੁੰਦੇ। ਅਸਲ ਤਕਲੀਫ਼ ਇਹ ਹੈ ਕਿ ਗੁਰੂ ਸਾਹਿਬ ਨੇ ਇਨ੍ਹਾਂ ਦੀ ਸੋਚ ਅਨੁਸਾਰ ਜਾਂ ਇਨ੍ਹਾਂ ਨੂੰ ਪੁੱਛ ਕੇ ਕਿਉਂ ਨਹੀਂ ਲਿਖਿਆ।

**ਪ੍ਰਸ਼ਨ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਿੱਖ ਨੂੰ ਦਇਆ, ਧੀਰਜ ਅਤੇ ਖਿਮਾ ਲਈ ਪ੍ਰੇਰ ਰਹੀ ਹੈ।

**''ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨਾ ਮਾਰੇ ਘੁੰਮਿ॥**

**ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥ ਅੰਗ ੧੩੭੮**

ਪਰ ਬਚਿਤ੍ਰ ਨਾਟਕ ਤੋਂ ਉਪਦੇਸ਼ ਮਿਲਦਾ ਹੈ।

**ਜਬੈ ਬਾਣ ਲਾਗਿਉ ਤਬੈ ਰੋਸ ਜਾਗਿਓ॥**

ਅਤੇ ਖ਼ਾਲਸਾ ਪੰਥ ਦਾ 300 ਸਾਲ ਦਾ ਸਾਰਾ ਇਤਿਹਾਸ ਇਸੇ ਵੀਚਾਰਧਾਰਾ ਦੇ ਦੁਆਲੇ ਘੁੰਮ ਰਿਹਾ ਹੈ। ਤੁਸੀਂ ਇਸ ਨੂੰ ਨਕਾਰ ਦੇਵੋਗੇ?

**ਜਵਾਬ :** ਇਸ ਸਵਾਲ ਦਾ ਜੁਆਬ 4 ਨੰ. ਵਿਚ ਆ ਗਿਆ ਹੈ।

**ਸਪਸ਼ਟੀਕਰਨ :** ਜਵਾਬ ਗਲਤ ਸਿੱਧ ਹੋ ਚੁੱਕਾ ਹੈ।

**ਸਵਾਲ 7 :** ਦਸਮੇਸ਼ ਜੀ ਦੇ ਜੀਵਨ ਨਾਲ ਸਬੰਧਤ ਘਟਨਾਵਾਂ ਦਾ ਵੇਰਵਾ, ਭੰਗਾਣੀ ਦਾ ਯੁੱਧ, ਨਦੌਣ, ਹੁਸੈਨੀ ਯੁੱਧ, ਪਾਉਂਟਾ ਸ਼ਹਿਰ ਦਾ ਵਸਾਉਣਾ ਗੁ. ਸ਼ੇਰਗਾਹ ਦਾ ਇਤਿਹਾਸ ਬਚਿਤ੍ਰ ਨਾਟਕ ਤੋਂ ਇਲਾਵਾ ਹੋਰ ਕਿਥੋਂ ਮਿਲੇਗਾ?

**ਜਵਾਬ :** ਦਸਮੇਸ਼ ਜੀ ਦਾ ਜੀਵਨ ਇਤਿਹਾਸ, ਸਿਰਫ਼ ਇਨ੍ਹਾਂ ਤਿੰਨਾਂ ਯੁੱਧਾਂ ਤੱਕ ਸੀਮਤ ਨਹੀਂ ਹੈ। ਉਨ੍ਹਾਂ ਨੇ 14 ਜੰਗਾਂ ਲੜੀਆਂ ਹਨ। ਜਿਨ੍ਹਾਂ ਸਰੋਤਾਂ ਤੋਂ ਉਨ੍ਹਾਂ ਦੇ ਜਨਮ, ਬਚਪਨ ਦੀਆਂ ਖੇਡਾਂ, ਪੰਜਾਬ ਆਉਣਾ, ਖ਼ਾਲਸਾ ਪੰਥ ਦੀ ਸਾਜਨਾ, ਆਨੰਦਪੁਰ ਸਾਹਿਬ ਦਾ ਘੇਰਾ, ਸਰਸੇ ਦੀ ਜੰਗ, ਪਰਿਵਾਰ ਵਿਛੋੜਾ, ਚਮਕੌਰ ਦੀ ਜੰਗ, ਸਰਹਿੰਦ ਦਾ ਸਾਕਾ, ਮੁਕਤਸਰ ਦੀ ਜੰਗ, ਬਹਾਦਰ ਸ਼ਾਹ ਦੀ ਸਹਾਇਤਾ, ਦੱਖਣ ਨੂੰ ਜਾਣਾ, ਨਾਂਦੇੜ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਜਾਣ ਦਾ ਇਤਿਹਾਸ ਮਿਲਦਾ ਹੈ, ਉਥੋਂ ਇਹ ਇਤਿਹਾਸਕ ਵੇਰਵੇ ਮਿਲਦੇ ਹਨ।

**ਸਪਸ਼ਟੀਕਰਨ :** ਤਤਿ ਗੁਰਮਤਿ ਵਾਲਿਆਂ ਨੇ ''ਸ੍ਰੀ ਦਸਮ ਗ੍ਰੰਥ'' ਸਾਹਿਬ ਦਾ ਕਦੇ ਅਧਿਐਨ ਨਹੀਂ ਕੀਤਾ। ਗੁਰੂ ਸਾਹਿਬ ਨੇ ਪਟਨੇ ਸ਼ਹਿਰ ਜਨਮ ਲੈਣ ਦਾ, ਪਟਨੇ ਤੋਂ ਪੰਜਾਬ ਆਉਣ ਦਾ, ਪਾਉਂਟਾ ਸ਼ਹਿਰ ਵਸਾਉਣ ਦਾ ਵੇਰਵਾ ਜਿੰਨਾ ਕੁ ਉਨ੍ਹਾਂ ਨੂੰ ਲੋੜ ਸੀ ਦਿੱਤਾ ਹੈ। ਪੰਡਿਤਾਂ ਦੀ ਅਖੌਤੀ ਦੇਵੀ ਪ੍ਰਗਟ ਕਰਨ ਲਈ ਪੰਡਿਤਾਂ ਦੀ ਨਾਰਾਜ਼ਗੀ ਦਾ ਬਿਰਤਾਂਤ ਭੀ ਲਿਖਿਆ ਹੈ। ਚਮਕੌਰ ਦੀ ਲੜਾਈ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਮਲੇਰਕੋਟਲੇ ਦੇ ਨਵਾਬ ਦਾ ਚਮਕੌਰ ਵਿਚ ਮਰਨਾ, ਆਨੰਦਪੁਰ ਦੀ ਘੇਰਾਬੰਦੀ ਵੇਲੇ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੀਆਂ ਝੂਠੀਆਂ ਕਸਮਾਂ ਦਾ ਹਾਲ ਜਫ਼ਰਨਾਮੇ ਵਿਚ ਲਿਖਿਆ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਮਾਪਤੀ (੧੭੫੫) ਪਿੱਛੋਂ ਦੇ ਹਾਲਾਤ ਦਾ ਤਤਿ ਗੁਰਮਤਿ ਵਾਲਿਆਂ ਨੂੰ ਪਤਾ ਨਹੀਂ ਹੈ ਇਸੇ ਲਈ ਅਜਿਹੀਆਂ ਕੁਤਰਕਾਂ ਮਾਰ ਰਹੇ ਹਨ। ਜਦ ਖ਼ਾਲਸਾ ਸਾਜਨਾ ਦੀ ਘਟਨਾ ਗ੍ਰੰਥ ਦੀ ਸਮਾਪਤੀ ਤੋਂ ਪਿਛੋਂ ਹੋਈ ਹੈ, ਉਹ ਇਸ ਵਿਚ ਕਿਸ ਤਰ੍ਹਾਂ ਆ ਜਾਂਦੀ? ਇਨ੍ਹਾਂ ਦਾ ਖਿਆਲ ਹੈ ਕਿ ਸਰਸਾ ਦੀ ਜੰਗ ਰੋਕ ਕੇ ਅਤੇ ਚਮਕੌਰ ਦੀ ਗੜ੍ਹੀ ਵਿਚ ਬੈਠਕੇ ਇਹ ਵੇਰਵੇ ਦੇਣੇ ਚਾਹੀਦੇ ਸਨ। ਅੱਗੇ ਅੱਗੇ ਇਕੱਲੇ ਗੁਰੂ ਸਾਹਿਬ ਹਨ ਪਿਛੇ ਪਿਛੇ ਸ਼ਾਹੀ ਫੌਜ ਹੈ, ਇਨ੍ਹਾਂ ਹਾਲਾਤ ਤੋਂ ਇਹ ਅੱਖਾਂ ਮੀਟ ਲੈਂਦੇ ਹਨ। ਜਦ ਸਾਬੋ ਕੀ ਤਲਵੰਡੀ ਗੁਰੂ ਸਾਹਿਬ ਨੂੰ ਵਿਹਲ ਮਿਲੀ ਤਾਂ ''ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਦਾ ਕਾਰਜ ਪੂਰਾ ਕੀਤਾ। ਇੰਦਰ ਸਿੰਘ ਘੱਗਾ ਤੋਂ ਵਰੋਸਾਏ ਤਤਿ ਗੁਰਮਤਿ ਵਾਲਿਆਂ ਤੋਂ ਸਵਾਏ ਕੋਈ ਸੰਜੀਦਾ, ਸਮਝਦਾਰ ਇਸ ਤਰ੍ਹਾਂ ਦੇ ਸਵਾਲ ਨਹੀਂ ਕਰ ਸਕਦਾ। ਜਿਹੜੇ ਸਰੋਤਾਂ ਤੋਂ ਇਹ ਵੇਰਵੇ ਲੈਣ ਦਾ ਸੁਝਾਅ ਦੇ ਰਹੇ ਹਨ, ਗੁਰ ਬਿਲਾਸ, ਮਹਿਮਾ ਪ੍ਰਕਾਸ਼, ਸੂਰਜ ਪ੍ਰਕਾਸ਼ ਆਦਿ, ਉਨ੍ਹਾਂ ਨੂੰ ਨਸ਼ਟ ਕਰਨ ਲਈ ਇਹ



ਖ਼ੁਦ ਹੀ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।

**ਸਵਾਲ 8 :** ਦਸਮੇਸ਼ ਜੀ ਦੇ ਸਮਕਾਲੀ ਕਵੀ ਆਪਣੀਆਂ ਰਚਨਾਵਾਂ ਵਿਚ ਆਪਣੇ ਪਿੰਡ ਕੁੱਲ ਅਤੇ ਹੋਰ ਕਾਫ਼ੀ ਕੁਝ ਆਪਣੀ ਪਛਾਣ ਦੱਸਣ ਬਾਰੇ ਲਿਖਦੇ ਸਨ। ਪਰ ''ਸ੍ਰੀ ਦਸਮ ਗ੍ਰੰਥ ਸਾਹਿਬ'' ਦੀ ਬਾਣੀ ਦੇ ਪ੍ਰਚਾਰੇ ਜਾ ਰਹੇ ਅਖੌਤੀ ਰਾਮ, ਸਿਆਮ, ਕਵੀ ਇਨ੍ਹਾਂ ਗੱਲਾਂ ਬਾਰੇ ਚੁੱਪ ਕਿਉਂ ਹਨ? ਜਦਕਿ ਦਸਮੇਸ਼ ਪਿਤਾ, ਆਪਣੇ ਪਿਤਾ, ਕੁੱਲ, ਗੁਰ ਪ੍ਰਣਾਲੀ ਨਾਲ ਸਬੰਧਤ ਹੋਣ ਦਾ ਵੇਰਵਾ ਸਾਫ਼ ਲਿਖ ਰਹੇ ਹਨ। ਇਸ ਤੋਂ ਇਲਾਵਾ ਰਾਮਾ ਅਵਤਾਰ, ਕ੍ਰਿਸ਼ਨਾ ਅਵਤਾਰ ਅਤੇ ਹੋਰ ਰਚਨਾਵਾਂ ਦੇ ਨਾਲ ਸਬੰਧਤ ਅਸਥਾਨ ਅਤੇ ਸੰਬਤ ਵੀ ਦਸ ਰਹੇ ਹਨ।

**ਜਵਾਬ :** ਦਸਮ ਗ੍ਰੰਥ ਵਿਚ ਰਾਮ ਸਿਆਮ ਨਾਮ 114 ਵਾਰੀ ਆਏ ਹਨ। ਇਹ ਤਾਂ ਹੋ ਨਹੀਂ ਸਕਦਾ ਕਿ ਗੁਰੂ ਜੀ ਨੇ ਖ਼ੁਦ ਹੀ ਰਚਨਾਵਾਂ ਰਚ ਕੇ ਇਹ ਨਾਮ ਲਿਖ ਦਿੱਤੇ ਹੋਣ, ਆਖਿਰ ਉਨ੍ਹਾਂ ਨੂੰ ਆਪਣਾ ਹੀ ਨਾਮ ਬਦਲਾਉਣ ਦੀ ਕੀ ਲੋੜ ਸੀ?

**ਸਪਸ਼ਟੀਕਰਨ :** ਜਵਾਬ ਅਧੂਰਾ ਅਤੇ ਅਗਿਆਨਤਾ ਵਾਲਾ ਅਤੇ ਤਰਕਸੰਗਤ ਨਹੀਂ ਹੈ। ਫਿਰ ਭੀ ਇਨ੍ਹਾਂ ਦਾ ਉਠਾਏ ਸਵਾਲ ਦਾ ਜਵਾਬ ਅਸੀਂ ਦੇ ਰਹੇ ਹਾਂ। ਉਪਨਾਮ ਰੱਖਣੇ ਦਸਮੇਸ਼ ਦੀ ਲਿਖਣ ਸ਼ੈਲੀ ਸੀ। ਆਪਣੇ ਭੂਆ ਦੇ ਪੁੱਤਰ 'ਸੰਗੋਸ਼ਾਹ' ਲਈ ਬਚਿਤ੍ਰ ਨਾਟਕ ਦੇ ਭੰਗਾਣੀ ਦੇ ਯੁੱਧ ਵਿਚ ''ਸ਼ਾਹ ਸੰਗਰਾਮ ਲਿਖਿਆ ਹੈ। ਨੈਣਾ ਦੇਵੀ ਲਈ ਨੇਤ੍ਰਤੁੰਗ ਵਰਤਿਆ ਹੈ। ਸ਼ਸਤਰ ਨਾਮ ਮਾਲਾ ਵਿਚ ਤਲਵਾਰ ਲਈ 33 ਨਾਮ ਵਰਤੇ ਹਨ। ਬੰਦੂਕ ਲਈ ਸਭ ਤੋਂ ਵੱਧ, ਅਸਚਰਜ ਭਰੇ ਅਤੇ ਐਸੇ ਐਸੇ ਨਾਮ ਵਰਤੇ ਹਨ ਕਿ ਵੱਡੇ ਤੋਂ ਵੱਡੇ ਵਿਦਵਾਨ ਦੀ ਵਿਦਵਤਾ ਭੱਠੀ ਵਿਚ ਪੈ ਜਾਵੇ। ਜੈਸਾ ਕਿ :-

ਜਲਜਾਕੁੰਦਿਨੀ, ਧਰਾਹਾਟ ਪ੍ਰਿਸ਼ਟਣੀ, ਅਰਣੀ-ਨੀ, ਤਰੰਗਿਨੀ ਦਸਮ ਗ੍ਰੰਥ ਬਾਣੀ ਬਿਉਰਾ ਦੇ ਕਰਤਾ ਨੇ ਇਨ੍ਹਾਂ ਦਾ ਵਿਸਥਾਰ ਦਿੱਤਾ ਹੈ। ਪਰ ਅਫ਼ਸੋਸ ਕਿ ਅੱਜ ਕੱਲ੍ਹ ਅੱਠ ਕਲਾਸਾਂ ਪਾਸ ਅਖੌਤੀ ਪ੍ਰੋਫੈਸਰ ਇਸ ਗ੍ਰੰਥ ਨੂੰ ਰਾਮ ਸਿਆਮ ਕਵੀ ਦੀ ਕਵਿਤਾ ਕਹਿਣ ਤੋਂ ਸ਼ਰਮ ਨਹੀਂ ਕਰਦੇ। ਕੀ ਦਸਮੇਸ਼ ਪਿਤਾ ਆਪਣੇ ਲਈ ਸਮ ਅਰਥਾਂ ਵਾਲੇ ਤਿੰਨ ਨਾਮ ਨਹੀਂ ਵਰਤ ਸਕਦੇ?

**ਸੰਤਾ ਮਧੇ ਗੋਬਿੰਦੁ ਅਛੈ ਗੋਕਲ ਮਧੇ ਸਿਆਮਗੋ॥**

**ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ। (ਅੰਗ ੭੨੮)**

ਕੀ ਇਥੇ ਭੀ ਤਤਿ ਗੁਰਮਤ ਵਾਲੇ ਰਾਮ, ਸਿਆਮ, ਗੋਬਿੰਦ ਆਦਿ ਦੇ ਅਰਥ ਰਾਮ ਚੰਦਰ, ਕ੍ਰਿਸ਼ਨ ਅਤੇ ਗੋਬਿੰਦ ਕਰਨਗੇ ਜਾਂ ਸਮ ਅਰਥਾਂ ਵਾਲਾ ਇਕੋ ਅਰਥ ਪਰਮੇਸ਼ਰ ਕਰਨਗੇ? ਅਤੇ ਜੇ ਇਕੋ ਅਰਥ ਕਰਨਗੇ ਤਾਂ ਦਸਮੇਸ਼ ਪਿਤਾ ਆਪਣੇ ਲਈ ਇਹ ਤਿੰਨੇ ਸ਼ਬਦ ਕਿਉਂ ਨਹੀਂ ਵਰਤ ਸਕਦੇ? ਇਸ ਤੋਂ ਅੱਗੇ ਜਦ ਦਸਮ ਗ੍ਰੰਥ ਦੇ ਰਾਮਾਵਤਾਰ ਦੇ ਅਖੀਰ ਵਿਚ ਆਉਂਦਾ ਹੈ :

**ਸਗਲ ਦੁਆਰ ਕੋ ਛਾਡ ਕੈ ਗਹਿਯੋ ਤੁਹਾਰੋ ਦੁਆਰ॥**

**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥**

ਉਥੇ ਗੋਬਿੰਦ ਦੇ ਅਰਥ ਰਾਮ ਜਾਂ ਸ਼ਾਮ ਕਵੀ ਕਰਨਗੇ?

**ਸਵਾਲ 9 :** ਕਲਗੀਧਰ ਮਹਾਰਾਜ ਦੇ ਜੀਵਨ ਨਾਲ ਸਬੰਧਤ ਰਚਨਾਵਾਂ ਵਿਚ ਮਹਾਰਾਜ ਨੇ ''ਉੱਤਮ ਪੁਰਖ'' ਵਿਚ ਗੱਲਾਂ ਕੀਤੀਆਂ ਹਨ।

**ਅਬ ਮੈ ਅਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧ ਮੁਹਿ ਆਨੋ॥**

**ਜੋ ਹਮ ਕੋ ਪਰਮੇਸ਼ਰ ਉਚਰਿ ਹੈਂ॥ ਤੇ ਸਭ ਨਰਕ ਕੁੰਡ ਮਹਿ ਪਰ ਹੈਂ॥**
**ਮੈ ਹੋਂ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸ਼ਾ॥**

ਦਸਮੇਸ਼ ਪਿਤਾ ਤੋਂ ਬਿਨਾਂ ਕਿਹੜਾ ਕਵੀ ਇੰਜ ਲਿਖ ਸਕਦਾ ਹੈ? ਕਿਸ ਕਵੀ ਨੇ ਭੰਗਾਣੀ, ਹੁਸੈਨੀ ਅਤੇ ਨਾਦੌਣ ਆਦਿ ਦੇ ਜੰਗ ਕੀਤੇ ਹਨ?

**ਜਵਾਬ : ਜੋ ਹਮ ਕੋ ਪਰਮੇਸ਼ਰ ਉਚਰਿ ਹੈ॥**
**ਤੇ ਸਭ ਨਰਕ ਕੁੰਟ ਮੈ ਪਰਿ ਹੈਂ॥**

ਜੇ ਇਹ ਗੱਲ ਸਚਮੁੱਚ ਗੁਰੂ ਮਹਾਰਾਜ ਨੇ ਲਿਖੀ ਹੈ ਤਾਂ ਫਿਰ ਸਾਰੇ ਹੀ ਸਿੱਖ ਨਰਕ ਕੁੰਡ ਦੇ ਅਧਿਕਾਰੀ ਹਨ। ਕਿਉਂਕਿ ਸ਼ੁਰੂ ਤੋਂ ਹੀ ਹਰ ਸਿੱਖ, ਹਰ ਗੁਰੂ ਜੋਤਿ ਨੂੰ ਪਰਮੇਸ਼ਰ ਦਾ ਸਾਕਾਰ ਰੂਪ ਹੀ ਮੰਨਦਾ ਹੈ। ਇਸ ਬਾਰੇ ਹੇਠ ਲਿਖੀਆਂ ਤੁਕਾਂ ਵਿਚਾਰੋ :

**1. ਰਾਮ ਹਮ ਸਤਿਗੁਰ ਪਾਰਬ੍ਰਹਮ ਕਰ ਮਾਨੈ॥**
**2. ਗੁਰ ਗੋਬਿੰਦ ਗੋਬਿੰਦ ਗੁਰੂ ਹੈ ਨਾਨਕ ਭੇਦ ਨਾ ਭਾਈ॥**

**ਸਪਸ਼ਟੀਕਰਨ :** ਇਹ ਤੁਕਾਂ ਕਿਸੇ ਸਿੱਖ ਦੀਆਂ ਲਿਖੀਆਂ ਹੋਈਆਂ ਨਹੀਂ ਹਨ। ਪਹਿਲੀ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ ੧੬੯ ਤੇ ਗਉੜੀ ਰਾਗ ਵਿਚ ਸ੍ਰੀ ਗੁਰੂ ਰਾਮ ਦਾਸ ਮਹਾਰਾਜ ਦੀ ਹੈ ਅਤੇ ਦੂਸਰੀ ਤੁਕ ਭੀ ਸ੍ਰੀ ਗੁਰੂ ਰਾਮ ਦਾਸ ਮਹਾਰਾਜ ਦੀ ਆਸਾ ਰਾਗ ਵਿਚ, ਅੰਗ ੪੪੨ ਤੇ ਸ਼ੁਸ਼ੋਭਿਤ ਹੈ। ਸ੍ਰੀ ਗੁਰੂ ਜੀ ਦੀ ਸਾਰੀ ਬਾਣੀ ਵਿਚ ਇਕ ਵੀ ਤੁਕ ਦੱਸੋ ਜਿਥੇ ਮਹਾਰਾਜ ਨੇ ਕਿਹਾ ਹੋਵੇ ਕਿ ਮੈਂ ਪਰਮੇਸ਼ਰ ਹਾਂ ਜਾਂ ਮੈਨੂੰ ਪਰਮੇਸ਼ਰ ਕਰ ਕੇ ਪੂਜੋ। ਇਹ ਹੀ ਨਹੀਂ ਬਲਕਿ ਕਿਸੇ ਗੁਰੂ ਨੇ ਭੀ ਆਪਣੇ ਆਪ ਨੂੰ ਭਗਵਾਨ ਨਹੀਂ ਕਿਹਾ ਇਥੋਂ ਤੱਕ ਕਿ ਭਾਵੇਂ ਭੱਟਾਂ ਨੇ ਕਹਿ ਦਿੱਤਾ :

**ਜੋਤਿ ਰੂਪੁ ਹਰਿ ਆਪਿ ਗੁਰੂ ਨਾਨਕੁ ਕਹਾਯਿਓ॥ (ਅੰਗ ੧੪੦੮)**

ਪਰ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੀ ਬਾਣੀ ਦਾ ਕੋਈ ਹਵਾਲਾ ਦੇਵੋ। ਜਿਥੇ ਇਹ ਗੱਲ ਆਖੀ ਹੋਵੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਸਮਕਾਲੀ ਇਰਾਨ ਦਾ ਸੈਲਾਨੀ 'ਮੁਹਸਨ ਫਾਨੀ' ਆਪਣੇ ''ਕਿਤਾਬ ਦਬਿਸਤਾਨੇ ਮਜ਼ਾਹਿਬ'' ਵਿਚ ਨਾਨਕ ਪੰਥੀਆਂ ਦੇ ਹਾਲ ਵਿਚ ਲਿਖਦਾ ਹੈ ਨਾਨਕ ਦੇ ਸਿੱਖਾਂ ਦਾ ਵਿਸ਼ਵਾਸ ਹੈ ਕਿ ਨਾਨਕ ਖ਼ੁਦਾ ਹੈ ਅਤੇ ਸਰੀਰ ਉਸ ਦੀ ਖੇਡ ਹੈ ਪਰ ਨਾਨਕ ਨੇ ਕਦੇ ਆਪਣੇ ਆਪ ਨੂੰ ਖ਼ੁਦਾ ਨਹੀਂ ਕਹਾਇਆ ਅਤੇ ਆਪਣੇ ਆਪ ਨੂੰ ਖ਼ੁਦਾ ਦਾ ਸੇਵਕ ਹੀ ਕਹਾਉਂਦਾ ਸੀ। ਸੋ ਤਤਿ ਗੁਰਮਤਿ ਵਾਲਿਆਂ ਦਾ ਜਵਾਬ ਬਿਬੇਕਹੀਨ ਬੁੱਧੀ ਵਾਲਾ ਹੈ?

ਇਨ੍ਹਾਂ ਨੇ ਬਚਿਤ੍ਰ ਨਾਟਕ ਪੜ੍ਹਨਾ ਤਾਂ ਇਕ ਪਾਸੇ, ਲੱਗਦਾ ਹੈ ਕਦੇ ਦਰਸ਼ਨ ਭੀ ਨਹੀਂ ਕੀਤੇ। ਇਨ੍ਹਾਂ ਤੁਕਾਂ ਦਾ ਸਬੰਧ ਪਹਿਲੋਂ ਚਲੇ ਆਏ ਪ੍ਰਕਰਣ ਨਾਲ ਹੈ ਜਿਥੇ ਲਿਖਿਆ ਹੈ :

**ਮਹਾਦੇਵ ਅਚੁਤ ਕਹਿਵਾਯੋ॥ ਬਿਸ਼ਨ ਆਪ ਹੀ ਠਹਿਰਾਯੋ॥**
**ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥ ਪ੍ਰਭ ਕੋ ਪ੍ਰਭੂ ਨ ਕਿਨਹੂ ਜਾਨਾ॥੧॥**

ਇਸੇ ਪਰਕਰਣ ਅਨੁਸਾਰ 32ਵਾਂ ਛੰਦ ਹੈ ''ਜੋ ਹਮ ਕੋ ਪਰਮੇਸ਼ਰ ਉਚਰਿ ਹੈਂ॥''

ਸੋ ਸਹੀ ਅਰਥ ਹਨ ਕਿ ਜੋ ਆਪਣੇ ਆਪ ਨੂੰ ਪਰਮੇਸ਼ਰ ਕਹਾਉਂਦੇ ਹਨ ਉਹ ਸਭ ਨਰਕਾਂ ਨੂੰ ਜਾਣਗੇ ਅਤੇ :

**ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਇਯੋ ਜਗਤ ਤਮਾਸਾ॥**

ਜੇ ਇਹ ਇੰਨੀ ਗੱਲ ਨਹੀਂ ਸਮਝ ਸਕੇ ਤਾਂ ਤਤ ਗੁਰਮਤਿ ਕਹਿਲਾਉਣ ਦਾ ਕੀ ਹੱਕ ਰੱਖਦੇ ਹਨ? ਤਤਿ ਗੁਰਮਤਿ ਵਾਲਿਆਂ ਨੇ ਚਤੁਰਾਈ ਨਾਲ ਸਾਡੇ ਕੀਤੇ ਸਵਾਲ ਦਾ



ਪ੍ਰਕਰਣ ਹੀ ਬਦਲ ਦਿੱਤਾ ਇਸੇ ਤਰ੍ਹਾਂ ਦੀਆਂ ਕਲਾਬਾਜ਼ੀਆਂ ਇੰਦਰ ਸਿੰਘ ਘੱਗਾ, ਜਗਤਾਰ ਸਿੰਘ ਜਾਚਕ ਆਦਿ ਮਾਰਦੇ ਰਹਿੰਦੇ ਹਨ ।

ਇਕ ਪਾਸੇ ਕਹਿੰਦੇ ਹਨ ਕਿ ''ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ'', ਹੁਣ ਇਹ ਦੱਸਣ ਪਰਮੇਸ਼ਰ ਕੀ ਨਹੀਂ ਕਰ ਸਕਦਾ? ਦੂਸਰੇ ਪਾਸੇ ਕਹਿੰਦੇ ਹਨ ਪੰਜਾ ਸਾਹਿਬ ਝੂਠ ਹੈ ਇਨ੍ਹਾਂ ਵੱਡਾ ਪੱਥਰ ਹੱਥ ਨਾਲ ਕਿਵੇਂ ਰੁਕ ਸਕਦਾ ਹੈ। ਰੀਠਾ ਮਿੱਠਾ ਕਿਵੇਂ ਹੋ ਸਕਦਾ ਹੈ? ਗੁਰੂ ਕਿਸੇ ਦਾ ਕੋੜ੍ਹ ਕਿਵੇਂ ਠੀਕ ਕਰ ਸਕਦਾ ਹੈ?

**ਸਵਾਲ 10 :** ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ ਸਭ ਰਾਜਿਆਂ ਦੇ ਦਰਬਾਰ ਵਿਚ ਕਵੀ ਹੁੰਦੇ ਸਨ ਜੋ ਰਾਜਿਆਂ ਦੇ ਸਿਰ 'ਤੇ ਪਲਦੇ ਸਨ। ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਵਿਚ ਆਪਣੇ ਮਾਲਕਾਂ ਦੀਆਂ ਸਿਫ਼ਤਾਂ ਭਰੀਆਂ ਹੁੰਦੀਆਂ ਸਨ। ਗੁਰੂ ਦਰਬਾਰ ਦੇ ਬਾਕੀ ਕਵੀਆਂ, ਭਾਈ ਨੰਦ ਲਾਲ, ਸੈਨਾਪਤੀ ਆਦਿ ਨੇ ਮਹਾਰਾਜ ਦੀਆਂ ਰੱਜ ਕੇ ਸਿਫ਼ਤਾਂ ਕੀਤੀਆਂ ਹਨ, ਕੀ ਕਾਰਨ ਹੈ ਕਿ ਅਖੌਤੀ ਰਾਮ ਸਿਆਮ ਕਵੀ ਨੇ ਸਾਰੇ ਦਸਮ ਗ੍ਰੰਥ ਵਿਚ ਕਿਤੇ ਭੀ ਦਸਮੇਸ਼ ਪਿਤਾ ਦੀ ਸਿਫ਼ਤ ਵਿਚ ਇਕ ਲਾਈਨ ਭੀ ਨਹੀਂ ਲਿਖੀ।

**ਜਵਾਬ :** ਇਸ ਦਾ ਅਰਥ ਇਹੀ ਹੈ ਕਿ ਇਨ੍ਹਾਂ ਕਵੀਆਂ ਨੂੰ ਗੁਰੂ ਮਹਾਰਾਜ ਪ੍ਰਤੀ ਕੋਈ ਸ਼ਰਧਾ ਨਹੀਂ ਸੀ।

**ਸਪਸ਼ਟੀਕਰਨ :** ਜਦ ਇਨ੍ਹਾਂ ਨੂੰ ਪੁੱਛੋ ਕਿ ਇਹ ਰਾਮ ਸਿਆਮ ਕਵੀ ਕੌਣ ਸਨ ਤਾਂ ਕਹਿ ਦਿੰਦੇ ਹਨ ਕਿ ਗੁਰੂ ਦਰਬਾਰ ਦੇ ਰਾਮ ਸਿਆਮ ਕਵੀ ਸਨ ਜਿਨ੍ਹਾਂ ਨੇ ਹਿੰਦੂ ਦੇਵੀ ਦੇਵਤਿਆਂ ਦੀਆਂ ਕਥਾਵਾਂ ਦੇ ਉਲੱਥੇ ਕੀਤੇ ਹਨ। ਜੇ ਇਹ ਗੁਰੂ ਦਰਬਾਰੀ ਕਵੀ ਸੀ ਅਤੇ ਗੁਰੂ ਦਰੋਂ ਪਾਲਣਾ ਹੁੰਦੀ ਸੀ ਅਤੇ ਸ਼ਰਧਾਹੀਣ ਸੀ ਤਾਂ ਕੀ ਇਹ ਅਕ੍ਰਿਤਘਣ ਸੀ? ਕੀ ਗੁਰੂ ਦਰਬਾਰ ਦੇ ਕਵੀ ਅਕ੍ਰਿਤਘਣ ਹੋ ਸਕਦੇ ਹਨ? ਸਾਰਿਆਂ ਕਵੀਆਂ ਵਿਚੋਂ ਕੋਈ ਕਵੀ ਦੱਸੋ ਜੋ ਗੁਰੂ ਨੂੰ ਮੱਥਾ ਨਾ ਟੇਕਦਾ ਹੋਵੇ ਅਤੇ ਪ੍ਰਤਿਪਾਲਕ ਦੇ ਗੁਣ ਨਾ ਗਾਵੇ? ਸਭ ਝੂਠ ਹੈ, ਕੁਫ਼ਰ ਹੈ। ਫਿਰ ਕਹਿੰਦੇ ਹਨ ਕਿ ਇਹ ਕੋਈ ਸ਼ਿਵ ਭਗਤ ਕਵੀ ਸੀ। ਜਦ ਇਨ੍ਹਾਂ ਦਾ ਅਤਾ ਪਤਾ, ਕੁਲ, ਜਾਤ, ਪਿੰਡ ਪੁੱਛਦੇ ਹਾਂ ਤਾਂ ਚੁੱਪ ਵੱਟ ਲੈਂਦੇ ਹਨ। ਗੁਰੂ ਸਾਹਿਬ ਦਾ ਕੋਈ ਸਮਕਾਲੀ ਹੋਰ ਕੋਈ ਰਾਮ ਸਿਆਮ ਕੋਈ ਹੈ? ਜਿਸ ਨੇ ਅਜਿਹੇ ਗ੍ਰੰਥ ਲਿਖੇ ਹੋਣ, ਤਤਿ ਗੁਰਮਤਿ ਵਾਲਿਆਂ ਨੂੰ ਅਜਿਹੀਆਂ ਤਿਕੜਮਬਾਜ਼ੀਆਂ ਮਾਰਨੀਆਂ ਚੰਗੀ ਗੱਲ ਨਹੀਂ ਹੈ।

**ਸਵਾਲ 11 :** ਜਿਸ ਤਰ੍ਹਾਂ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਥਾਂ-ਥਾਂ ਇਸਲਾਮਿਕ ਸਿਧਾਂਤਾਂ ਦਾ ਖੰਡਨ ਹੈ।

**ਮਹਾਦੀਨ ਪ੍ਰਭ ਤਬ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥**
**ਤਿਨ ਭੀ ਏਕ ਪੰਥ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ॥**
**(ਬਚਿਤ੍ਰ ਨਾਟਕ)**

**ਪ੍ਰਭੂ ਨ ਭੀਜਤ ਲਾਂਡ ਕਟਾਏ॥ (ਬਚਿਤ੍ਰ ਨਾਟਕ)**

ਔਰੰਗਜ਼ੇਬ ਦੇ ਰਾਜ ਕਾਲ ਵਿਚ ਕੋਈ ਐਸਾ ਹਿੰਦੂ ਕਵੀ ਦੱਸੋ ਜਿਸ ਨੇ ਅਜਿਹੀ ਕਟਾਖਸ਼ ਇਸਲਾਮ 'ਤੇ ਕੀਤੀ ਹੋਵੇ।

**ਜਵਾਬ :** ਗੁਰਬਾਣੀ ਵਿਚ ਥਾਂ-ਥਾਂ ਇਸਲਾਮਕ ਕਰਮ ਕਾਂਡਾਂ ਦਾ ਖੰਡਨ ਕੀਤਾ ਹੈ। ਕਬੀਰ ਜੀ ਨੇ ਤਾਂ ਸੁੰਨਤ ਬਾਰੇ **''ਸੁੰਨਤ ਕੀਏ ਤੁਰਕ ਜੇ ਹੋਇਗਾ ਅਉਰਤ ਕਾ ਕਿਆ ਕਰੀਐ''** ਬਿਆਨ ਕਰ ਕੇ ਗੱਲ ਹੀ ਸਿਰੇ ਲਾ ਦਿੱਤੀ।

**ਸਪਸ਼ਟੀਕਰਨ :** ਅਸੀਂ ਕਿਸੇ ਹਿੰਦੂ ਕਵੀ ਬਾਰੇ ਪੁੱਛਿਆ ਸੀ ਅਤੇ ਇਹ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਰਹੇ ਹਨ। ਇਨ੍ਹਾਂ ਦੀ ਕਲਮ ਗੁਰਬਾਣੀ ਦੀਆਂ ਤੁਕਾਂ ਨੂੰ ਇਕ ਆਮ ਕਵੀ ਦੀ ਕਵਿਤਾ ਨਾਲ ਤੁਲਨਾ ਕਰ ਰਹੀ ਹੈ। ਜੇ ਅਸੀਂ ਇਹ ਗੱਲ ਕਰ ਦਿੰਦੇ ਹਾਂ ਸ਼ਾਇਦ ਮੇਰੇ ਘਰ ਆ ਕੇ ਮੇਰੇ ਕੱਪੜੇ ਪਾੜ ਦਿੰਦੇ। ਗੁਰੂ ਤੁੱਲ ਪ੍ਰਵਾਣ ਹੋਈ ਭਗਤਾਂ ਦੀ ਬਾਣੀ ਨੂੰ ਕਿਸੇ ਅਖੌਤੀ ਰਾਮ ਸਿਆਮ ਕਵੀ ਨਾਲ ਤੁਲਨਾ ਕਰਨੀ ਘੋਰ ਪਾਪ ਹੈ।

**ਸਵਾਲ : 12 :** ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਥਾਂ-ਥਾਂ ਸਨਾਤਨ ਧਰਮ ਦੀਆਂ ਪੁਸਤਕਾਂ ਵੇਦ, ਸ਼ਾਸਤਰ, ਆਦਿ ਦਾ ਖੰਡਨ ਹੈ। ਕੀ ਕੋਈ ਹਿੰਦੂ ਕਵੀ ਇਸ ਤਰ੍ਹਾਂ ਕਰ ਸਕਦਾ ਹੈ।

**ਜਵਾਬ :** ਜਿਹੜਾ ਮਹਾਪੁਰਸ਼ ਅਵਤਾਰਾਂ ਦਾ ਇਸ ਤਰ੍ਹਾਂ ਖੰਡਨ ਕਰਦਾ ਹੈ ਅਤੇ ਜਿਹੜਾ ''ਕਾਨ ਸੁਨੇ ਪਹਿਚਾਨ ਨ ਤਿਨ ਸੋ'' ਉਚਾਰਦਾ ਹੈ ਉਹੀ ਮਹਾਂਪੁਰਸ਼ ਰਾਮ ਅਵਤਾਰ ਬਾਰੇ 66 ਪੰਨੇ ਭਰ ਕੇ ਅੰਤ ਕ੍ਰਿਸ਼ਨ ਅਵਤਾਰ ਬਾਰੇ 316 ਪੰਨੇ ਭਰਨ ਦਾ ਕਿਹੜਾ ਸ਼ੌਕ ਪੂਰਾ ਕਰ ਰਿਹਾ ਹੈ? ਇਸ ਤਰ੍ਹਾਂ ਦੀਆਂ ਕਵਿਤਾਵਾਂ ਤਾਂ ਅਵਤਾਰ ਪੂਜਕ ਹਿੰਦੂ ਕਵੀ ਹੀ ਲਿਖ ਸਕਦਾ ਹੈ।

**ਸਪਸ਼ਟੀਕਰਨ :** ਸ੍ਰੀ ਗੁਰੂ ਗ੍ਰੰਥ ਸਾਹਿਬ ਆਏ ਹਜ਼ਾਰਾਂ ਪੌਰਾਣਕ ਹਵਾਲੇ, ਧ੍ਰੂ ਪ੍ਰਹਿਲਾਦ, ਦਰੋਪਤੀ ਦੀ ਲੱਜਾ ਰਖਣੀ, ਅਜਾਮਲ, ਗਜ, ਗਣਿਕਾ ਅਤੇ ਕੁਬਿਜਾ ਆਦਿ ਦਾ ਉਧਾਰ, ਅਹਲੀਆ ਦਾ ਉਧਾਰ ਤਤਿ ਗੁਰਮਤਿ ਵਾਲੇ ਕਿਵੇਂ ਹਜ਼ਮ ਕਰਦੇ ਹਨ? ''ਬਾਲੀ ਰੋਵੈ ਨਾਹੀ ਭਤਾਰ'' ਵਾਲਾ ਪੂਰਾ ਸ਼ਬਦ ਪੜ੍ਹੋ, ਇਨ੍ਹਾਂ ਹਵਾਲਿਆਂ ਦਾ ਟੂਕ ਮਾਤ੍ਰ ਗੁਰਬਾਣੀ ਵਿਚ ਆਇਆ ਵਿਸਥਾਰ ਕਿਥੋਂ ਪ੍ਰਾਪਤ ਹੋਇਗਾ। ਇਸੇ ਕਾਰਜ ਲਈ ਇਹ ਰਚਨਾਵਾਂ ਕੀਤੀਆਂ ਗਈਆਂ ਨਾਲ ਹੀ ਦਸਮੇਸ਼ ਪਿਤਾ ਨੇ ਦੱਸ ਦਿੱਤਾ ਕਿ ਸਭ ਜਾਣਕਾਰੀ ਲਈ ਹੈ, ਮੈਂ ਇਨ੍ਹਾਂ ਅਵਤਾਰਾਂ ਨੂੰ ਨਹੀਂ ਮੰਨਦਾ।

ਰਾਮਾ ਅਵਤਾਰ ਕੀ ਕਥਾ ਲਿਖ ਕੇ ਕਹਿ ਦਿੱਤਾ :

**ਸਾਧ ਅਸਾਧ ਜਾਨੋ ਨਹੀਂ ਬਾਦ ਸੁ ਬਾਦ ਬਿਬਾਦ॥**
**ਗ੍ਰੰਥ ਸਕਲ ਪੂਰਨ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥**

**ਅਰਥ :** ਕੌਣ ਸਾਧ ਹੈ ਕੌਣ ਚੋਰ ਹੈ ਇਹ ਮੇਰੀ ਗਿਣਤੀ ਵਿਚ ਨਹੀਂ। ਇਸ ਵਾਦ, ਜਾਂ ਵਿਵਾਦ ਵਿਚ ਮੈਂ ਨਹੀਂ ਪੈਂਦਾ। ਉਸ ਅਕਾਲ ਪੁਰਖ ਦੀ ਕਿਰਪਾ ਨਾਲ ਇਹ ਗ੍ਰੰਥ ਪੂਰਾ ਕਰਦਾ ਹਾਂ।

ਅਗੇ **ਸ੍ਵੈਯਾ**

**ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨਾ ਮਾਨਜੋ॥**
**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਜੋ॥**
**ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਜੋ ਸਭ ਤੋਹਿ ਬਖਾਨਜੋ॥**
**ਸਗਲ ਦੁਆਰ ਕਉ ਛਾਡਿ ਕੈ ਗਹਜੋ ਤੁਹਾਰੋ ਦੁਆਰ।**
**ਬਾਂਹਿ ਗਹੇ ਦੀ ਲਾਜ ਅਸ ਗੋਬਿੰਦ ਦਾਸ ਤੁਹਾਰ॥**

ਇਹ ਉਪਦੇਸ਼ ਸਾਡੇ ਲਈ ਹੈ ਜਿਸ ਨੂੰ ਤਤਿ ਗੁਰਮਤਿ ਪ੍ਰਵਾਣ ਨਹੀਂ ਕਰਦੀ।

ਇਸੇ ਤਰ੍ਹਾਂ ਕ੍ਰਿਸ਼ਨ ਅਵਤਾਰ ਵਿਚ ਸ਼ੁਰੂ ਵਿਚ ਹੀ ਕਹਿ ਦਿੱਤਾ ਕਿ :



**ਮੈਂ ਗਣੇਸ਼ਹਿ ਪ੍ਰਿਥਮ ਮਨਾਊ॥ ਕਿਸ਼ਨ ਬਿਸ਼ਨ ਕਬਹੂ ਨ ਧਿਆਊ॥**
**ਕਾਨ ਸੁਨੇ ਪਹਿਚਾਨ ਨ ਤਿਨ ਸੋ॥ ਲਿਵ ਲਾਗੀ ਮੇਰੀ ਪਗ ਇਨ ਸੋਂ॥**

ਦਸਮੇਸ਼ ਜੀ ਕਿੰਨੇ ਕੁ ਕਾਨ੍ਹ ਦੇ ਪੁਜਾਰੀ ਸੀ, ਜੇ ਕਿਤੇ ਚੀਰ ਹਰਨ ਵਾਲਾ ਕਾਂਡ ਤਤਿ ਗੁਰਮਤਿ ਵਾਲੇ ਪੜ੍ਹ ਲੈਂਦੇ ਤਾਂ ਹੀ ਪਤਾ ਚੱਲਦਾ। ਆਪਣੇ ਇਸ਼ਟ ਦੇ ਪਰਦੇ ਕੌਣ ਉਘਾੜਦਾ ਹੈ?

ਤਤ ਗੁਰਮਤਿ ਵਾਲਿਆਂ ਨੇ ਦਸਮ ਗ੍ਰੰਥ ਪੜ੍ਹਿਆ ਨਹੀਂ, ਕਾਲਾ ਅਫ਼ਗਾਨਾ ਅਤੇ ਇੰਦਰ ਸਿੰਘ ਘੱਗਾ ਆਦਿ ਦੀਆਂ ਕੁਤਰਕਾਂ ਤੇ ਆਧਾਰਤ ਗੱਲਾਂ ਕਰਦੇ ਹਨ।

**ਸਵਾਲ 13 : ਜਿਤੇ ਰਾਮ ਹੁਏ॥ ਸਭੈ ਅੰਤ ਮੂਏ॥**
**ਜਿਤੇ ਕ੍ਰਿਸ਼ਨ ਹੁਇ ਹੈ॥ ਸਭੈ ਅੰਤ ਜੈ ਹੈ॥੭੦॥ (ਬਚਿਤ੍ਰ ਨਾਟਕ)**

**ਏਕ ਸਿਵ ਗਏ ਏਕ ਗਏ ਏਕ ਫੇਰ ਭਏ**
**ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈ॥੭੭॥ (ਅਕਾਲ ਉਸਤਤ)**

ਕਿਹੜਾ ਹਿੰਦੂ ਰਾਮ ਸਿਆਮ ਕਵੀ ਇੰਜ ਲਿਖੇਗਾ?

**ਜਵਾਬ :** ਇਸ ਸਵਾਲ ਦਾ ਜਵਾਬ 12 ਨੰ. ਵਿੱਚ ਆ ਗਿਆ ਹੈ।

**ਸਪਸ਼ਟੀਕਰਨ :** ਜਵਾਬ ਅਗਿਆਨਤਾ ਵਾਲਾ ਸਿੱਧ ਹੋ ਗਿਆ ਹੈ।

**ਸਵਾਲ 14 :** ਦਸਮੇਸ਼ ਪਿਤਾ ਦੇ ਸਮੇਂ ਦੀ ਕੋਈ ਉਦਾਹਰਣ ਦੇਵੋ ਜਿਥੇ ਕਿਸੇ ਹਿੰਦੂ ਵਿਦਵਾਨ ਨੇ ਆਪਣੀ ਲਿਖਤ ਆਰੰਭ ਕਰਨ ਤੋਂ ਪਹਿਲਾਂ ਗਣੇਸ਼, ਸਰਵਸਤੀ ਦੇਵੀ ਆਦਿ ਨੂੰ ਨ ਧਿਆਇਆ ਹੋਵੇ।

**ਜਵਾਬ :** ਬਹੁਤ ਸਾਰੇ ਹਿੰਦੂ ਭਗਤਾਂ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਕਿਸੇ ਨੇ ਭੀ ਗਣੇਸ਼ ਆਦਿ ਦਾ ਨਾਉਂ ਨਹੀਂ ਲਿਖਿਆ ?

**ਸਪਸ਼ਟੀਕਰਨ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਗਰ ਬਾਣੀ ਨੂੰ, ਸਿੱਖ, ਗੁਰੂ ਸਰੂਪ ਜਾਣਕੇ ਮੱਥਾ ਟੇਕਦੇ ਹਨ ਅਤੇ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਮੰਨਦੇ ਹਨ। ਕੀ ਇਨ੍ਹਾਂ ਨੂੰ ਹਿੰਦੂ, ਮੁਸਲਮਾਨ ਜਾਂ ਹੋਰ ਜਾਤੀਆਂ ਵਿਚ ਵੰਡ ਕੇ ਦੇਖਣਾ ਤਤਿ ਗੁਰਮਤਿ ਹੈ? ਅੱਗੇ ਚਲੀਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 7 ਬ੍ਰਾਹਮਣ ਭਗਤਾਂ ਦੀ ਬਾਣੀ ਹੈ। ਫਿਰ ਕੀ ਅਸੀਂ ਬ੍ਰਾਹਮਣ ਗੁਰੂ ਦੇ ਸਿੱਖ ਹਾਂ? ਜਾਂ ਮੁਸਲਮਾਨੀ ਪੀਰਾਂ ਦੇ ਸਿੱਖਾਂ ਹਾਂ ਜਾਂ ਸਤਿਗੁਰ ਨਾਨਕ ਦੇਵ ਦੀ ਜੋਤਿ ਵਾਲੇ ਗੁਰੂਆਂ ਦੇ ਸਿੱਖ ਹਾਂ? ਇਸ ਦਾ ਉੱਤਰ ਤਤਿ ਗੁਰਮਤਿ ਵਾਲੇ ਕੀ ਦੇਣਗੇ?

**ਸਵਾਲ 15 :** ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਸਾਰੀਆਂ ਬਾਣੀਆਂ ਦੀ ਆਰੰਭਤਾ ੧ੳ ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਸ੍ਰੀ ਅਕਾਲ ਜੀ ਸਹਾਇ, ਜਾਂ ੧ੳ ਸਤਿਗੁਰੂ ਪ੍ਰਸਾਦਿ ਦੇ ਮੰਗਲਾ ਚਰਨ ਨਾਲ ਸ਼ੁਰੂ ਹੁੰਦੀਆਂ ਹਨ।

**ਜਵਾਬ :** ਜਵਾਬ 14 ਨੰਬਰ ਵਿਚ ਆ ਗਿਆ ਹੈ।

**ਸਪਸ਼ਟੀਕਰਨ :** 14 ਨੰਬਰ ਦੇ ਸਪਸ਼ਟੀਕਰਨ ਵਿਚ ਫਿਰ ਸਾਡਾ ਸਵਾਲ ਖੜ੍ਹਾ ਹੈ।

**ਸਵਾਲ 16 :** ਕ੍ਰਿਸ਼ਨ ਅਵਤਾਰ ਦੇ ਚੀਰ ਹਰਨ ਦੇ ਕਾਂਡ ਵਿਚ ਜੋ ਕ੍ਰਿਸ਼ਨ ਦੀਆਂ ਅਠਖੇਲੀਆਂ ਦਿਖਾਈਆਂ ਗਈਆਂ ਹਨ ਕਿਹੜਾ ਹਿੰਦੂ ਕਵੀ ਇਸ ਤਰ੍ਹਾਂ ਲਿਖੇਗਾ?

**ਜਵਾਬ :** ਸਾਰਾ ਕ੍ਰਿਸ਼ਨਾਵਤਾਰ, ਜੋ ਕਿ ਸਾਰੇ ਦਸਮ ਗ੍ਰੰਥ ਦਾ ਲਗਭਗ 1/4 ਭਾਗ (316 ਪੰਨੇ) ਬਣਦਾ ਹੈ, ਭਾਗਵਤ ਪੂਰਨ ਦੇ ਦਸਵੇਂ ਸਕੰਧ ਤੇ ਆਧਾਰਤ ਹੈ, ਸਗੋਂ

ਕਵੀ ਨੇ ਬੇਲੋੜਾ ਵਿਸਥਾਰ ਕੀਤਾ ਹੈ। ਇਹ ਜ਼ਰੂਰ ਹੀ ਕਿਸੇ ਕ੍ਰਿਸ਼ਨ ਭਗਤ ਦੀ ਰਚਨਾ ਜਾਪਦੀ ਹੈ। ਇਸ ਵਿਚ ਚੀਰ ਹਰਨ ਦੀਆਂ ਅਠਖੇਲੀਆਂ ਪੜ੍ਹ ਕੇ ਦੇਖ ਲੈਣਾ।

**ਸਪਸ਼ਟੀਕਰਨ :** 'ਕਿਸੇ ਕ੍ਰਿਸ਼ਨ ਭਗਤ ਦੀ ਰਚਨਾ ਜਾਪਦੀ ਹੈ' ਦੀ ਸ਼ਬਦਾਵਲੀ ਦੱਸਦੀ ਹੈ ਕਿ ਉਤਰ ਦੇਣ ਵਾਲਾ ਦੁਬਿਧਾ ਵਿਚ ਹੈ। ਜੋ ਸਵਾਲ ਅਸੀਂ ਕੀਤਾ ਹੈ ਉਹ ਸਵਾਲ ਘੁਮਾ ਕੇ ਸਾਡੇ 'ਤੇ ਹੀ ਕਰ ਦਿੱਤਾ ਜਾਂ ਤਾਂ ਜਵਾਬ ਦੇਣ ਤੋਂ ਅਸਮਰਥ ਹਨ ਜਾਂ ਦੇਣਾ ਨਹੀਂ ਚਾਹੁੰਦੇ। ਹਿੰਦੂ ਕਵੀ ਨੇ ਨਹੀਂ ਲਿਖਿਆ ਬਲਕਿ ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਬਚਨ:

**ਜੁਜ ਮਹਿ ਜੋਹਿ ਛਲੀ ਚੰਦ੍ਰਾਵਲ ਕਾਨ੍ਹ ਕ੍ਰਿਸਨ ਜਾਦਮੁ ਭਇਆ॥**
**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾ ਬਨ ਮਹਿ ਰੰਗ ਕੀਆ॥**

ਨੂੰ ਵਿਸਥਾਰ ਨਾਲ ਦਸਮੇਸ਼ ਪਿਤਾ ਨੇ ਦੱਸਿਆ ਹੈ।

**ਸਵਾਲ 17 :** ਕੀ ਕਿਸੇ ਗ੍ਰੰਥ ਦਾ ਉਲੱਥਾ ਕਰਨ ਨਾਲ ਜਾਂ ਕਿਸੇ ਵਾਰਤਾ ਨੂੰ ਆਪਣੇ ਵਿਚਾਰਾਂ ਦੀ ਪੋਸ਼ਾਕ ਪਹਿਨਾ ਕੇ ਪੇਸ਼ ਕਰਨ ਨਾਲ ਲੇਖਕ ਦਾ ਧਰਮ ਜਾਂ ਇਸ਼ਟ ਬਦਲ ਜਾਂਦਾ ਹੈ।

**ਜਵਾਬ :** ਕਿਸੇ ਦੇ ਗ੍ਰੰਥ ਦਾ ਉਲੱਥਾ ਕਰਨ ਨਾਲ ਕਿਸੇ ਦਾ ਇਸ਼ਟ ਨਹੀਂ ਬਦਲਦਾ।

**ਸਵਾਲ 18 :** ਕੀ ਜਪੁਜੀ ਸਾਹਿਬ ਦਾ ਟੀਕਾ ਕਰਨ ਵਾਲੇ ਓਸ਼ੋ ਰਜਨੀਸ਼, ਵਿਨੋਵਾ ਭਾਵੇ, ਖਵਾਜਾ ਦਿਲ ਮੁਹੰਮਦ ਅਤੇ ਗੰਜੇ ਸ਼ਹੀਦਾਂ ਲਿਖਣ ਵਾਲੇ ਸਿੱਖ ਬਣ ਗਏ ਇਸੇ ਤਰ੍ਹਾਂ ਜਦ ਦਸਮੇਸ਼ ਪਿਤਾ ਨੇ ਆਪ ਹੀ ਲਿਖ ਦਿੱਤਾ ਕਿ ਆਹ ਰਚਨਾ, ਮਾਰਕੰਡੇ ਪੁਰਾਣ ਵਿਚੋਂ ਹੈ ਅਤੇ ਆਹ ਰਚਨਾ ਸ੍ਰੀ ਮਦ ਭਾਗਵਤ ਪੁਰਾਣ ਵਿਚੋਂ ਹੈ, ਫਿਰ ਕਿਸ ਆਧਾਰ 'ਤੇ ਦਸ਼ਮੇਸ਼ ਪਿਤਾ ਨੂੰ ਅਵਤਾਰਵਾਦ ਦਾ ਮੰਡਨ ਵਾਲਾ ਕਿਹਾ ਜਾ ਰਿਹਾ ਹੈ?

**ਜਵਾਬ :** ਨਹੀਂ, ਪਰ ਉਹ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਭਾਵਤ ਜ਼ਰੂਰ ਹੋਏ ਹੋਣਗੇ। ਮੈਕਾਲਿਫ਼ ਨੇ ਸਿੱਖ ਧਰਮ ਦੀ ਏਨੀ ਸੇਵਾ ਕੀਤੀ ਪਰ ਉਹ ਫਿਰ ਭੀ ਈਸਾਈ ਰਿਹਾ। ਪਰ ਉਸ ਦੀ ਪੰਥ ਦੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ। ਅਵਤਾਰਵਾਦ ਨੂੰ ਸਿਰੇ ਤੋਂ ਖੰਡਨ ਕਰਨ ਵਾਲਾ ਮਹਾਂਪੁਰਸ਼ ਏਨੇ ਲੰਮੇ ਪ੍ਰਸੰਗ ਅਵਤਾਰਾਂ ਬਾਰੇ ਲਿਖੇ, ਇਹ ਗੱਲ ਸਮਝ ਤੋਂ ਬਾਹਰ ਹੈ। ਕ੍ਰਿਸ਼ਨ ਅਵਤਾਰ ਵਿਚ ਤਾਂ ਉਨ੍ਹਾਂ ਦੇ ਪੁੱਤਰ ਪੋਤਰਿਆਂ ਦੇ ਵਿਆਹਾਂ ਦੇ ਪੰਨੇ ਭਰੇ ਪਏ ਹਨ।

**ਸਪਸ਼ਟੀਕਰਨ :** ''ਪਰ ਉਹ'' ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਜ਼ਰੂਰ ਪ੍ਰਭਾਵਿਤ ਹੋਏ ਹੋਣਗੇ'' ਇਸ ਵਿਚ 'ਉਹ' ਸ਼ਬਦ ਕਿਸ ਲਈ ਵਰਤਿਆ ਗਿਆ ਹੈ, ਸਪਸ਼ਟ ਨਹੀਂ ਹੈ। ਜੇ ਇਹ ਗੁਰੂ ਸਾਹਿਬ ਲਈ ਹੈ ਤਾਂ ''ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਹੋਏ ਹੋਣਗੇ'' ਲਿਖਣਾ ਬਿਲਕੁਲ ਅਯੋਗ ਹੈ, ਮੂਰਖਤਾ ਹੈ। ਜੇ ਇਹ ਦਸਮ ਗ੍ਰੰਥ ਦੇ ਕਰਤਾ ਕਿਸੇ ਹੋਰ ਕਥਿਤ ਹਿੰਦੂ ਕਵੀ ਲਈ ਹੈ ਤਾਂ ਭੀ ਗ਼ਲਤ ਹੈ। ਉਹ ਤਾਂ ਲਿਖ ਰਹੇ ਹਨ ਹਿੰਦੂ ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀਆਂ ਕਹਾਣੀਆਂ, ਫਿਰ ਗੁਰਬਾਣੀ ਅਤੇ ਸਿੱਖ ਇਤਿਹਾਸ ਦਾ ਵਰਨਣ ਕਿਵੇਂ ਕੀਤਾ ਗਿਆ ਹੈ? ਮੈਕਾਲਫ਼ ਦੇ ਜਨਮ, ਕੁਲ, ਪਿੰਡ, ਦੇਸ਼ ਦਾ ਸਭ ਨੂੰ ਪਤਾ ਹੈ ਪਰ ਰਾਮ, ਸਿਆਮ ਕਵੀ, ਅਸਮਾਨ ਤੋਂ ਗਿਰੇ ਜਾਂ ਧਰਤੀ ਵਿਚੋਂ ਨਿਕਲੇ, ਕੌਣ ਦੱਸੇਗਾ? ਮੈਕਾਲਫ਼ ਮਨ ਕਰ ਕੇ ਸਿੱਖ ਬਣ ਗਿਆ ਸੀ ਇਸ ਲਈ ਉਸ ਨੂੰ ਸਰਕਾਰੀ ਨੌਕਰੀ ਤੋਂ ਹੱਥ ਧੋਣੇ ਪਏ ਅਤੇ ਈਸਾਈਆਂ ਨੇ



ਉਸ ਨੂੰ ਕਬਰਿਸਤਾਨ ਵਿਚ ਦੱਬਣ ਤੋਂ ਮਨ੍ਹਾ ਕਰ ਦਿੱਤਾ ਸੀ।

**ਸਵਾਲ 19 :** ਜੇ ਦਸ਼ਮੇਸ਼ ਜੀ ਨੇ ਕੋਈ ਰਚਨਾ ਹੀ ਨਹੀਂ ਕੀਤੀ ਤਾਂ ਫਿਰ ਕੀ ਕਰਦੇ ਰਹੇ? ਇਹੀ ਗੱਲ 1978 ਵਿਚ ਨਿਰੰਕਾਰੀ ਬਾਬੇ ਨੇ ਖੁੱਲ੍ਹੇਆਮ ਕਹੀ ਕਿ ਗੁਰੂ ਗੋਬਿੰਦ ਸਿੰਘ ਨੂੰ ਅਧਿਆਤਿਮਕਵਾਦ ਦਾ ਕੀ ਪਤਾ ਹੋਣਾ ਸੀ ਉਹ ਤਾਂ ਸਾਰੀ ਉਮਰ ਲੜਾਈਆਂ ਲੜਦਾ ਰਿਹਾ ਜਾਂ ਸ਼ਿਕਾਰ ਖੇਲਦਾ ਰਿਹਾ।

**ਜਵਾਬ :** ਭਲਾ ਕੋਈ ਪੁੱਛੇ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ 38 ਸਾਲ ਗੁਰਿਆਈ ਕੀਤੀ, ਪਰ ਕੋਈ ਰਚਨਾ ਨਹੀਂ ਕੀਤੀ ਉਹ ਕੀ ਕਰਦੇ ਰਹੇ?

**ਸਪਸ਼ਟੀਕਰਨ :** ਲੇਖ ਦੀ ਅੰਤਿਕਾ ਵਿਚ ਤਤਿ ਗੁਰਮਤਿ ਵਾਲੇ ਆਪ ਹੀ ਲਿਖ ਰਹੇ ਹਨ ''ਯਾਦ ਰੱਖੋ, ਗੁਰੂ ਗੋਬਿੰਦ ਸਿੰਘ ਜੀ ਦੀ ਜੋ ਤਸਵੀਰ ਆਮ ਸੰਗਤਾਂ ਦੇ ਮਨਾਂ ਵਿਚ ਬਣੀ ਹੋਈ ਹੈ, ਉਹ ਹੈ ਅੰਮ੍ਰਿਤ ਕੇ ਦਾਤੇ, ਸਰਬੰਸ ਦਾਨੀ, ਮਹਾਨ ਜਰਨੈਲ ਗਰੀਬਾਂ ਦੇ ਮਸੀਹਾ, ਚੌਵੀ ਘੰਟੇ ਨਾਮ ਬਾਣੀ ਦੀ ਛਹਿਬਰ ਲਾਉਣ ਵਾਲੇ, ਮਹਾਨ ਸਾਹਿਤਕਾਰ, ਮਹਾਨ ਸੰਗੀਤਕਾਰ, ਹਰ ਹਾਲਤ ਵਿਚ ਅਡੋਲ ਰਹਿਣ ਵਾਲੇ, ਅਤੇ ਸੇਵਕਾਂ ਨੂੰ ਨਦਰੀ ਨਦਰ ਨਿਹਾਲ ਕਰਨ ਵਾਲੇ।

ਜੇ ਦਸ਼ਮੇਸ਼ ਪਿਤਾ ਮਹਾਨ ਸਾਹਿਤਕਾਰ ਸਨ ਤਾਂ ਕੋਈ ਸਾਹਿਤ ਰਚਿਆ ਭੀ ਹੋਵੇਗਾ। ਫਿਰ ਦਸਮ ਗ੍ਰੰਥ ਤੋਂ ਇਲਾਵਾ ਹੋਰ ਕਿਹੜਾ ਸਾਹਿਤ ਰਚਿਆ ਉਸ ਦਾ ਕੋਈ ਵੇਰਵਾ ਨਹੀਂ ਦਿੱਤਾ। ਜਿਨ੍ਹਾਂ ਵਿਦਵਾਨਾਂ ਨੇ ਗ਼ੌਰ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਹੈ ਉਹ ਸਾਰੇ ਇਸ ਗਿਆਨ ਦੇ ਖਜ਼ਾਨੇ (ਸ੍ਰੀ ਦਸਮ ਗ੍ਰੰਥ) ਅਤੇ ਇਸ ਦੇ ਕਰਤਾ ਦਸਮੇਸ਼ ਪਿਤਾ ਨੂੰ ਧੰਨ ਧੰਨ ਕਹਿਣੋ ਹਟਦੇ ਹੀ ਨਹੀਂ।

**ਸਵਾਲ 20 :** ਕੀ ਪ੍ਰਿੰਸੀਪਲ ਹਰਭਜਨ ਸਿੰਘ (ਮਿਸ਼ਨਰੀ ਕਾਲਜ) ਤੋਂ ਪਹਿਲਾਂ ਦੇ ਸਾਰੇ ਵਿਦਵਾਨ, ਡਾ. ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਭਾਈ ਕਾਨ੍ਹ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਕਪੂਰ ਸਿੰਘ, ਅਕਾਲੀ ਕੌਰ ਸਿੰਘ ਅਤੇ ਇਸ ਤੋਂ ਇਲਾਵਾ ਭਾਈ ਮਨੀ ਸਿੰਘ ਜੀ ਬਾਬਾ ਦੀਪ ਸਿੰਘ ਆਦਿ ਇਸ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਵਾਲੇ ਸਭ ਬੇਵਕੂਫ਼ ਸਨ?

**ਜਵਾਬ :** ਇਹ ਸਾਰੇ ਵਿਦਵਾਨ ਅਤਿ ਸਤਿਕਾਰਯੋਗ ਹਨ, 100 ਫੀ ਸਦੀ ਸਿੱਖ ਇਨ੍ਹਾਂ ਦਾ ਸਤਿਕਾਰ ਕਰਦੇ ਹਨ। ਇਸ ਕਰਕੇ ਇਨ੍ਹਾਂ ਨੇ ਇਸ ਮੁੱਦੇ ਨੂੰ ਕਦੇ ਕੋਈ ਚਰਚਾ ਨਹੀਂ ਕੀਤੀ। ਜਿਹੜਾ ਵੀ ਮੁੱਦਾ ਉਠਾਉਂਦਾ ਹੈ, ਉਸ ਦੇ ਹੱਕ ਵਿਚ ਜੇ ਦਸ ਬੰਦੇ ਬੋਲਦੇ ਹਨ ਤਾਂ ਵਿਰੋਧ ਵਿਚ ਪੰਦਰਾਂ ਬੰਦੇ ਬੋਲਣ ਲੱਗ ਪੈਂਦੇ ਹਨ। ਸੱਚਾਈ ਪ੍ਰਗਟ ਕਰਨ ਵਾਲੇ ਨੂੰ ਮੱਕੇ ਦੇ ਹਾਜ਼ੀਆਂ ਦੀਆਂ ਲੱਤਾਂ ਖਾਣੀਆਂ ਪੈਂਦੀਆਂ ਹਨ, ਬਗਦਾਦ ਵਿਚ ਪੱਥਰ ਖਾਣੇ ਪੈਂਦੇ ਹਨ; ਕੁਰਾਹੀਆ ਭੂਤਨਾ ਬੇਤਾਲਾ ਅਖਵਾਉਣਾ ਪੈਂਦਾ ਹੈ, ਸੱਚਾਈ ਭਾਵੇਂ ਲੁਕੀ ਹੀ ਰਹੇ।

**ਸਪਸ਼ਟੀਕਰਨ :** ਕੀ ਕਾਰਨ ਹੈ ਕਿ ਬਾਬੂ ਤੇਜਾ ਸਿੰਘ ਭਸੌੜ ਤੋਂ ਪਹਿਲਾਂ ਕਿਸੇ ਇਕ ਬੰਦੇ ਨੇ ਭੀ ਦਸਮ ਗ੍ਰੰਥ ਤੇ ਸ਼ੰਕਾ ਨਹੀਂ ਕੀਤਾ। ਬਾਬਾ ਦੀਪ ਸਿੰਘ ਦੀ ਹੱਥ ਲਿਖਤ ਨਿੱਜੀ ਨਿਤਨੇਮ ਦੀ ਪੋਥੀ ਵਿਚ ਦੋਨੋਂ ਗ੍ਰੰਥਾਂ ਦੀਆਂ ਬਾਣੀਆਂ ਹਨ। ਬਾਬਾ ਦੀਪ ਸਿੰਘ ਦੇ ਉਤਰਾਅਧਿਕਾਰੀ ਜਥੇਦਾਰਾਂ ਨੇ ਖ਼ੁਦ ਇਸ ਗ੍ਰੰਥ ਦੇ ਉਤਾਰੇ ਕੀਤੇ। ਭਾਈ ਕਾਨ੍ਹ ਸਿੰਘ, ਭਾਈ ਜੋਧ ਸਿੰਘ, ਅਕਾਲੀ ਕੌਰ ਸਿੰਘ, ਸ੍ਰ. ਕਪੂਰ ਸਿੰਘ ਅਤੇ ਗਿਆਨੀ ਦਿੱਤ ਸਿੰਘ ਆਦਿ ਦੀਆਂ ਲਿਖਤਾਂ ਸਾਡੇ ਕੋਲ ਮੌਜੂਦ ਹਨ, ਸਭ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨੂੰ ਗੁਰੂ ਕ੍ਰਿਤ ਮੰਨਦੇ ਸਨ। ਜਿਨ੍ਹਾਂ ਬੰਦਿਆਂ ਨੇ ਇਸ ਗ੍ਰੰਥ ਦੇ ਖੰਡਣ ਦਾ ਪੱਲਾ ਫੜ ਕੇ ਪੰਥ

ਪ੍ਰਵਾਣਤ ਨਿਤਨੇਮ ਦੀਆਂ ਬਾਣੀਆਂ ਅਤੇ ਖੰਡਾ ਪਾਹੁਲ ਨੂੰ ਖੰਡਣ ਕੀਤਾ ਅੱਗੇ ਜਾ ਕੇ ਭੱਟ ਬਾਣੀ ਅਤੇ ਭਗਤ ਬਾਣੀ ਨੂੰ ਖੰਡਣ ਕੀਤਾ ਕੇਵਲ ਉਨ੍ਹਾਂ ਨੂੰ ਹੀ ਤੇਜਾ ਸਿੰਘ ਭਸੌੜ, ਗਿ. ਭਾਗ ਸਿੰਘ ਅੰਬਾਲਾ ਅਤੇ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਪੰਥ ਵਲੋਂ ਛੇਕਿਆ ਗਿਆ ਅਤੇ ਅੱਜ ਸਪੋਕਸਮੈਨ ਦਾ ਐਡੀਟਰ ਜੋਗਿੰਦਰ ਸਿੰਘ ਸਭ ਕੁਝ ਕਰ ਰਿਹਾ ਹੈ। ਵਰਨਾ ਸਵਰਗੀ ਪ੍ਰਿੰਸੀਪਲ ਹਰਭਜਨ ਸਿੰਘ ਚੰਡੀਗੜ੍ਹ ਡਾਕਟਰ ਕਰਤਾਰ ਸਿੰਘ ਬਾੜੀ, ਸ਼ਮਸ਼ੇਰ ਸਿੰਘ, ਅਸ਼ੋਕ, ਡਾ. ਰਤਨ ਸਿੰਘ ਜੱਗੀ ਅਤੇ ਹੁਣ ਦੇ ਪ੍ਰਿੰਸੀਪਲ ਹਰਭਜਨ ਸਿੰਘ ਸਿੱਖ ਮਿਸ਼ਨਰੀ ਕਾਲਜ ਕੂਚਾ ਫੀਲਡ ਗੰਜ ਲੁਧਿਆਣਾ ਨੂੰ ਪੰਥ ਵਿਚੋਂ ਕਿਉਂ ਨਾ ਛੇਕਿਆ ਗਿਆ?

ਪਹਿਲੇ ਹੋ ਗੁਜ਼ਰੇ ਮਹਾਂਪੁਰਸ਼ਾਂ, ਵਿਦਵਾਨਾਂ ਨੂੰ ਡਰਪੋਕ ਸਿੱਧ ਕਰਨਾ ਤਤਿ ਗੁਰਮਤਿ ਵਾਲਿਆਂ ਨੂੰ ਸੋਭਦਾ ਨਹੀਂ। ਜਦ ਉਹ ਸਾਰੇ ਇਸ ਨੂੰ ਗੁਰੂ ਕ੍ਰਿਤ ਮੰਨਦੇ ਸੀ ਤਾਂ ਉਹ ਚਰਚਾ ਕਿਉਂ ਕਰਦੇ? ਉਨ੍ਹਾਂ ਤਾਂ ਆਪਣੀਆਂ ਲਿਖਤਾਂ ਵਿਚ ਇਸ ਗ੍ਰੰਥ ਵਿਚੋਂ ਪ੍ਰਮਾਣ ਦਿੱਤੇ ਹਨ। ਚਰਚਾਵਾਦ ਉਨ੍ਹਾਂ ਦਾ ਹੀ ਕੰਮ ਹੈ ਜੋ ਇਸ ਨੂੰ ਨਹੀਂ ਮੰਨਦੇ, ਜੋ ਸੱਚਾਈ ਤੋਂ ਕੋਹਾਂ ਦੂਰ ਹਨ ਅਤੇ ਸੱਚ ਨੂੰ ਸੱਚ ਕਹਿਣ ਲਈ ਤਿਆਰ ਨਹੀਂ।

**ਸਵਾਲ 21 :** ਦਸਮ ਗ੍ਰੰਥ ਵਿਰੋਧੀਆਂ ਦੀ ਕਸਵੱਟੀ,

**ਜਬ ਲਗ ਖਾਲਸਾ ਰਹੈ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥**
**ਜਬ ਯਹ ਗਹੈਂ ਬਿਪ੍ਰਨ ਕੀ ਰੀਤ॥ ਮੈ ਨਾ ਕਰੋ ਇਨ ਕੀ ਪ੍ਰਤੀਤ॥**

ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸ ਪੰਨੇ 'ਤੇ ਹਨ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖ ਨੂੰ ਦਯਾ, ਧਰਮ, ਸੱਤ, ਸੰਤੋਖ ਧਾਰ ਕੇ ਨਾਮ ਜਪਣ ਨਾਲ ਸੰਤ ਬਣਨ ਦੀ ਪ੍ਰੇਰਣਾ ਦਿੰਦੀ ਹੈ ਪਰ ਦਸਮ ਗ੍ਰੰਥ ਦੀ ਬਾਣੀ ਸਿੱਖ ਨੂੰ ਨਾਮ ਜਪਣ ਅਤੇ ਖੜਗ ਚਲਾਉਣ ਵਾਲਾ ਸੰਤ ਸਿਪਾਹੀ ਬਣਨ ਲਈ ਪ੍ਰੇਰਣਾ ਦਿੰਦੀ ਹੈ।

**ਜਵਾਬ :** ''ਜਬ ਲਗ ਖਾਲਸਾ ਰਹੈ ਨਿਆਰਾ'' ਇਹ ਤੁਕਾਂ ਦਸਮ ਗ੍ਰੰਥ ਵਿਚ ਨਹੀਂ ਹਨ। ਇਹ ਤੁਕਾਂ ਸਰਬ ਲੋਹ ਗ੍ਰੰਥ ਵਿਚ ਹਨ। ਸਰਬ ਲੋਹ ਬਾਰੇ ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਇਹ ਗ੍ਰੰਥ ਵੀ ਅਣਜਾਣ ਲਿਖਾਰੀਆਂ ਦੀ ਗਲਤੀ ਨਾਲ ਉਨਾਂ ਹੀ ਅਸ਼ੁਧ ਹੈ ਜਿੰਨਾ ਦਸਮ ਗ੍ਰੰਥ (ਮਹਾਨਕੋਸ਼ ਪੰਨਾ 167 ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚੋਂ 'ਬੀਰ ਰਸ' ਲਈ ਚਾਰ ਨੰ. ਜਵਾਬ ਦੇਖੋ।

**ਸਪਸ਼ਟੀਕਰਨ :** ਜਾਂ ਤਾਂ ਸਾਡਾ ਸਵਾਲ ਸਮਝ ਨਹੀਂ ਆਇਆ ਜਾਂ ਫਿਰ ਇਸ ਦਾ ਢੁਕਵਾਂ ਜਵਾਬ ਇਨ੍ਹਾਂ ਕੋਲ ਹੈ ਨਹੀਂ, ਇਸ ਲਈ ਗੱਲ ਘੁਮਾ ਦਿੱਤੀ। ਸਾਡਾ ਸਵਾਲ ਸੀ ਕਿ ਜਿਹੜੇ ਕਹਿੰਦੇ ਹਨ ਕਿ ਅਸੀਂ ਤਾਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਬਗ਼ੈਰ ਹੋਰ ਕੁਝ ਨਹੀਂ ਪੜ੍ਹਦੇ, ਉਹੀ ਬੰਦੇ ਇਹ ਤੁਕਾਂ ਪੜ੍ਹਕੇ ਅਤੇ ਇਸ ਨੂੰ ਕਸਵਟੀ ਬਣਾ ਕੇ ਦੂਸਰਿਆਂ ਦਾ ਖੰਡਣ ਕਰਦੇ ਹਨ। ਜਦ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਹੀ ਨਹੀਂ ਤਾਂ ਕਾਲਾ ਅਫ਼ਗਾਨਾ ਅਤੇ ਹੋਰ ਕਿਉਂ ਇਨ੍ਹਾਂ ਤੁਕਾਂ ਨੂੰ ਪ੍ਰਵਾਣ ਕਰਦੇ ਹਨ? ਤੁਹਾਡੇ ਦੱਸੇ ਬਗੈਰ ਹੀ ਸਾਨੂੰ ਪਤਾ ਹੈ ਕਿ ਇਹ ਸਰਬਲੋਹ ਗ੍ਰੰਥ ਵਿਚ ਹਨ। ਸਾਡਾ ਸਵਾਲ ਵੈਸਾ ਹੀ ਅਜੇ ਤੱਕ ਕਾਇਮ ਹੈ। ਮਹਾਨ ਕੋਸ਼ ਦਾ ਕਰਤਾ ਹੀ 'ਗੁਰਮਤਿ ਸੁਧਾਕਰ' ਨਾਮੀ ਪੁਸਤਕ ਵਿਚ 'ਦਸਮ ਗ੍ਰੰਥ ਦੀ' ਚੋਣਵੀਂ ਬਾਣੀ ਨੂੰ ਪ੍ਰਵਾਣ ਕਰਦਾ ਹੈ। ਨਿਰਣਾ ਅਸੀਂ ਪਾਠਕਾਂ 'ਤੇ ਹੀ ਛੱਡਦੇ ਹਾਂ। ਭਾਈ ਮਨੀ ਸਿੰਘ ਗ਼ਲਤੀ ਕਰ ਸਕਦੇ ਹਨ ਕੀ ਭਾਈ ਕਾਨ੍ਹ ਸਿੰਘ ਨਹੀਂ ਕਰ ਸਕਦੇ?



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੀਰਰਸ ਵਾਲੀਆਂ ਤੁਕਾਂ ਦਾ ਸਪਸ਼ਟੀਕਰਨ ਦੇ ਚੁੱਕੇ ਹਾਂ।

**ਸਵਾਲ 22 :** ਪਿਛਲੀ ਸਦੀ ਦੇ ਵੀਹ ਸਾਲਾਂ ਦੇ ਖਾਲਸਾਈ ਸੰਘਰਸ਼ ਵਿਚ ਦਸਮ ਗ੍ਰੰਥ ਦੇ ਵਿਰੋਧੀਆਂ ਦਾ ਕੀ ਯੋਗਦਾਨ ਹੈ? ਜਦਕਿ 'ਸ਼ਹੀਦ ਡਾਇਰੈਕਟਰੀ' ਅਨੁਸਾਰ ਸਾਕਾ ਨੀਲਾ ਤਾਰਾ ਵੇਲੇ ਦਰਬਾਰ ਸਾਹਿਬ ਅੰਦਰ ਸ਼ਹੀਦੀਆਂ ਪਾਉਣ ਵਾਲੇ 80 ਫੀਸਦੀ ਸਿੱਖ ਸ੍ਰੀ ਦਸਮ ਗ੍ਰੰਥ ਨੂੰ ਮੰਨਣ ਵਾਲੇ ਦਮਦਮੀ ਟਕਸਾਲ ਦੇ ਸਿੰਘ ਸਨ। ਬਾਕੀ ਕਾਰ ਸੇਵਾ ਵਾਲੇ, ਅਖੰਡ ਕੀਰਤਨੀ ਜਥਾ ਅਤੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਸਨ।

**ਜਵਾਬ :** ਕੁਰਬਾਨੀਆਂ, ਸ਼ਹੀਦੀਆਂ ਉਨ੍ਹਾਂ ਵੀ ਪਾਈਆਂ ਜਿਨ੍ਹਾਂ ਨੇ ਕਦੇ ਦਸਮ ਗ੍ਰੰਥ ਦੇ ਦਰਸ਼ਨ ਭੀ ਨਹੀਂ ਕੀਤੇ। ਆਮ ਸਿੱਖਾਂ ਦੇ ਵੱਡੇ ਇਕੱਠ ਵਿਚ ਵੀ ਪੁੱਛੀਏ ਦਸਮ ਗ੍ਰੰਥ ਕਿੰਨਿਆਂ ਨੇ ਪੜ੍ਹਿਆ ਹੈ ਤਾਂ ਸ਼ਾਇਦ ਹੀ ਦੋ ਤਿੰਨ ਹੱਥ ਉੱਠਣ।

**ਸਪਸ਼ਟੀਕਰਨ :** ਸਵਾਏ ਕਾਮਰੇਡੀ ਸੋਚ ਦੇ ਭੇਖੀ ਸਿੱਖਾਂ ਤੋਂ ਜਿਨ੍ਹਾਂ ਦਾ ਕੋਈ ਨਿਤਨੇਮ ਨਹੀਂ, ਬਾਕੀ ਹਰ ਇਕ ਸਿੱਖ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਉਹ ਨਿਤਨੇਮ ਕਰਦਾ ਹੈ ਜਿਸ ਵਿਚੋਂ ਤਿੰਨ ਬਾਣੀਆਂ ਸ੍ਰੀ ਦਸਮ ਗ੍ਰੰਥ ਵਿਚੋਂ ਹਨ। ਇਸ ਲਈ ਇਨ੍ਹਾਂ ਨੇ ਜੇ ਸਮੱਗਰ ਦਸਮ ਗ੍ਰੰਥ ਦਾ ਪਾਠ ਨਹੀਂ ਭੀ ਕੀਤਾ ਪਰ ਉਹ ਇਸ ਨੂੰ ਦਸਮ ਗ੍ਰੰਥ ਵਿਰੋਧੀਆਂ ਵਾਂਗ ''ਕੰਜਰ ਬਾਣੀ'' ਨਹੀਂ ਕਹਿੰਦੇ। ਦੂਸਰੇ, ਦਮਦਮੀ ਟਕਸਾਲ ਵਿਚ ਸਾਰੇ ਗੁਰਸਿੱਖਾਂ ਨੂੰ ਇਸ ਗ੍ਰੰਥ ਦੀ ਸੰਥਯਾ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਗਿਣਤੀ ਘੱਟ ਨਹੀਂ ਹੈ। ਜਿੰਨੇ ਛਾਪੇ ਪੁਲਿਸ ਦੇ ਦਮਦਮੀ ਟਕਸਾਲ ਅਤੇ ਆਖੰਡ ਕੀਰਤਨੀ ਜਥੇ ਤੇ ਮਾਰੇ, ਜਿੰਨੇ ਘੋਟਣੇ ਇਨ੍ਹਾਂ 'ਤੇ ਲੱਗੇ ਅਤੇ ਕਿੰਨੇ ਚੱਡੇ, ਪੁਲਿਸ ਨੇ ਇਨ੍ਹਾਂ ਜਥੇਬੰਦੀਆਂ ਦੇ ਸਿੰਘਾਂ ਦੇ ਪਾੜੇ ਇਨ੍ਹਾਂ ਦੇ ਮੁਕਬਲੇ ਵਿਚ ਦਸਮ ਗ੍ਰੰਥ ਵਿਰੋਧੀ ਮਿਸ਼ਨਰੀ ਕਾਲਜ ਦੇ ਚੰਡੇ ਮਿਸ਼ਨਰੀਆਂ ਦੀ ਜੇ ਗਿਣਤੀ ਕਰੀਏ ਤਾਂ ਆਟੇ ਵਿਚ ਲੂਣ ਵੀ ਨਹੀਂ ਹਨ। ਜਿਹੜਾ ਇਨ੍ਹਾਂ ਲਿਖਿਆ ਹੈ ਕਿ 1984 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਹੀ ਦਮਦਮੀ ਟਕਸਾਲ ਦਾ ਸੀ। ਇਸ ਲਈ ਟਕਸਾਲ ਦਾ ਨੁਕਸਾਨ ਹੋਣਾ ਲਾਜ਼ਮੀ ਸੀ, ਇਹ ਭੀ ਗ਼ਲਤ ਹੈ। ਭਾਈ ਅਮਰੀਕ ਸਿੰਘ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਪ੍ਰਧਾਨ ਸੀ ਅਤੇ ਜਨਰਲ ਸੁਬੇਗ ਸਿੰਘ ਅਤੇ ਇਸ ਦੇ ਸਾਥੀਆਂ ਦਾ ਦਮਦਮੀ ਟਕਸਾਲ ਨਾਲ ਕੋਈ ਸਬੰਧ ਨਹੀਂ ਸੀ। ਸੰਤ ਜਰਨੈਲ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਆਉਣ ਲਈ ਕਿਸੇ ਲਈ ਦਰਵਾਜ਼ੇ ਬੰਦ ਨਹੀਂ ਕੀਤੇ ਸੀ, ਬਲਕਿ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਸੀ ਪਰ ਦਸਮ ਗ੍ਰੰਥੀ ਵਿਰੋਧੀ ਮਿਸ਼ਨਰੀ ਕਾਲਜ ਵਾਲੇ ਏਅਰ ਕੰਡੀਸ਼ਨ ਕੋਠੀਆਂ ਵਿਚ ਬੈਠ ਕੇ ਕੇਵਲ ''ਸਕੋਰ ਕੁਮੈਂਟਰੀ'' (ਕਿੰਨੇ ਕਿਸ ਪਾਸੇ ਦੇ ਮਰੇ ਹਨ) ਸੁਣਦੇ ਰਹੇ। ਹੁਣ ਭੀ ਸਿਰਸਾ ਵਾਲੇ ਭਨਿਆਰੇ ਵਾਲੇ ਜਾਂ ਆਸ਼ੂਤੋਸ਼ ਦੇ ਬਰਖਿਲਾਫ਼ ਮਿਸ਼ਨਰੀ ਕਾਲਜ ਵਾਲਿਆਂ ਨੇ ਕੀ ਕੀਤਾ ਹੈ?

**ਸਵਾਲ 23 :** ਪਿਛਲੀ ਸਦੀ ਦੇ ਸਰਵ ਪ੍ਰਵਾਨਿਤ ਸ਼੍ਰੋਮਣੀ ਸਿੱਖ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅਨੁਯਾਈ ਸਨ। ਕੀ ਇਹ ਝੂਠ ਹੈ? ਅਤੇ ਜਿਹੜਾ ਗ੍ਰੰਥ ਅਜਿਹੇ ਸੂਰਬੀਰ, ਪੰਥ ਨੂੰ ਦਿੰਦਾ ਹੈ, ਉਸ ਨੂੰ ਖੰਡਣ ਵਾਲਿਆਂ ਦੀ ਸਹੀ ਜਗ੍ਹਾ ਸ੍ਰੀ ਅੰਮ੍ਰਿਤਸਰ ਜੀ ਦਾ ਮੈਂਟਲ ਹਸਪਤਾਲ ਹੈ।

**ਜਵਾਬ :** ਇਹ ਸੱਚਾਈ ਹੈ ਕਿ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਨੂੰ ਵੀਹਵੀਂ ਸਦੀ ਦੇ ਪ੍ਰਵਾਨਿਤ ਸ਼੍ਰੋਮਣੀ ਮਹਾਨ ਸਿੱਖ ਅਤੇ ਮਹਾਨ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਕੁਰਬਾਨੀ ਸਿੱਖ ਕੌਮ ਕਦੇ ਭੁਲਾ ਨਹੀਂ ਸਕਦੀ। ਜੇ ਕੁਰਬਾਨੀ ਦੀ ਗੱਲ ਕਰੀਏ ਤਾਂ ਕੀ ਬਾਬਾ ਬੰਦਾ ਸਿੰਘ ਬਹਾਦਰ ਦੇ ਬਰਾਬਰ ਦੀ ਕੁਰਬਾਨੀ ਦੀ ਤੁਲਨਾ

ਕਿਸੇ ਹੋਰ ਨਾਲ ਕੀਤੀ ਜਾ ਸਕਦੀ ਹੈ? ਜਿਨ੍ਹਾਂ ਨੇ ਸਰਹੰਦ ਦੀ ਇਟੱ ਨਾਲ ਇਟੱ ਖੜਕਾਉਣ ਲਈ ਨਾਂਦੇੜ ਤੋਂ ਚਾਲੇ ਪਾ ਦਿੱਤੇ ਅਤੇ ਜਿੱਤ ਹਾਸਲ ਕੀਤੀ ਸੀ। ਉਸ ਵੇਲੇ ਬਚਿਤ੍ਰ ਨਾਟਕ ਜਾਂ ਦਸਮ ਗ੍ਰੰਥ ਨਾਂ ਵਾਲੀ ਕੋਈ ਪੁਸਤਕ ਸੀ ਹੀ ਨਹੀਂ। 1984 ਵਿਚ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਕਬਜ਼ਾ ਹੀ ਟਕਸਾਲ ਵਾਲਿਆਂ ਦਾ ਸੀ, ਇਸ ਲਈ ਉਨ੍ਹਾਂ ਦਾ ਤਾਂ ਵੱਧ ਨੁਕਸਾਨ ਹੋਣਾ ਹੀ ਸੀ ਪਰ ਦਸਮ ਗ੍ਰੰਥ ਵਿਰੋਧੀਆਂ ਨੇ ਵੀ ਉਨ੍ਹਾਂ ਤੋਂ ਘੱਟ ਕੁਰਬਾਨੀਆਂ ਨਹੀਂ ਕੀਤੀਆਂ।

**ਸਪਸ਼ਟੀਕਰਨ :** ਤਤਿ ਗੁਰਮਤਿ ਵਾਲਿਆਂ ਨੂੰ ਦਸਮ ਗ੍ਰੰਥ ਦੀ ਉਤਪਤੀ ਅਤੇ ਸੰਕਲਨ ਇਤਿਹਾਸ ਬਾਰੇ ਕੁਝ ਪਤਾ ਨਹੀਂ ਹੈ। ਕੀ ਬੰਦਾ ਬਹਾਦਰ ਬਗੈਰ ਅੰਮ੍ਰਿਤ ਛਕੇ ਤੋਂ, ਮਾਧੋਦਾਸ ਬੈਰਾਗੀ ਤੋਂ ਗੁਰਬਖਸ਼ ਸਿੰਘ ਬਣ ਗਿਆ ਸੀ? ਕੀ ਇਹ ਖੰਡਾ ਪਾਹੁਲ ਜਾਪ ਸਾਹਿਬ, ਸਵੱਯੇ ਅਤੇ ਚੌਪਈ ਸਾਹਿਬ ਤੋਂ ਬਗੈਰ ਬਣ ਗਈ ਸੀ? ਕੀ ਦਸਮ ਗ੍ਰੰਥ ਵਿਰੋਧੀ ਦਰਸ਼ਨ ਸਿੰਘ ਰਾਗੀ ਅਤੇ ਇੰਦਰ ਸਿੰਘ ਘੱਗਾ ਆਦਿ ਇਨ੍ਹਾਂ ਬਾਣੀਆਂ ਦਾ ਖੁੱਲ੍ਹੇਆਮ ਖੰਡਣ ਨਹੀਂ ਕਰ ਰਹੇ? ਜਿਹੜਾ ਇਨ੍ਹਾਂ ਨੇ ਲਿਖਿਆ ਹੈ ਕਿ ਬੰਦਾ ਬਹਾਦਰ ਵੇਲੇ ਇਹ ਗ੍ਰੰਥ ਅਤੇ ਬਚਿਤ੍ਰ ਨਾਟਕ ਨਾਮ ਦੀ ਕੋਈ ਪੁਸਤਕ ਨਹੀਂ ਸੀ, ਇਹ ਇਨ੍ਹਾਂ ਦੀ ਕੋਰੀ ਅਗਿਆਨਤਾ ਹੈ। ਸ੍ਰੀ ਦਸਮ ਗ੍ਰੰਥ ਦੀਆਂ ਅੰਦਰਲੀਆਂ ਗਵਾਹੀਆਂ (ਇਸ ਅੰਦਰ ਲਿਖੇ ਸੰਮਤ) ਅਤੇ ਬਾਹਰਲੀਆਂ ਪੁਸਤਕਾਂ ਤੋਂ ਸਿੱਧ ਹੁੰਦਾ ਹੈ ਕਿ ਸੰਮਤ ੧੭੫੫ ਵਿਚ ਇਹ ਗ੍ਰੰਥ ਸੰਪੂਰਣ ਹੋ ਗਿਆ ਸੀ। ੧੭੫੬ ਵਿਚ ਦਸਮੇਸ਼ ਜੀ ਨੇ ਸੀਸ ਭੇਟ ਬੈਸਾਖੀ ਨੂੰ ਖੰਡਾ ਪਾਹੁਲ ਛਕਾ ਕੇ ਖ਼ਾਲਸਾ ਸਾਜਿਆ। ਭਾਈ ਨੰਦ ਲਾਲ ਜੀ ਦੀ ਰਹਿਤ ਦੀ ਸਾਖੀ ਵਿਚ ਜਪੁ, ਜਾਪੁ ਪੜ੍ਹਨ ਦੀ ਤਾਕੀਦ ਹੈ ਇਸੇ ਤਰ੍ਹਾਂ ਬਾਕੀ ਰਹਿਤ ਨਾਮਿਆਂ ਵਿਚ ਹੈ। ਬੰਦਾ ਬਹਾਦਰ ਦੀ ਸ਼ਹੀਦੀ, ਸੰਮਤ ੧੭੭੩ ਵਿਚ ਹੋਈ ਸੀ। ਇਸ ਦੇ ਦਸ ਸਾਲ ਪਿਛੋਂ ੧੭੦੩ ਤਾਰਾ ਸਿੰਘ ਵਾਂ ਦੀ ਸ਼ਹੀਦੀ ਹੋਈ ਸੀ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਭਾਈ ਰਤਨ ਸਿੰਘ ਭੰਗੂ ਅਨੁਸਾਰ, ਅਰਦਾਸ ਪਿਛੋਂ ਜਿਸ ਪੋਥੀ ਵਿਚੋਂ ਹੁਕਮ ਲੈ ਕੇ ਭਾਈ ਸਾਹਿਬ ਨੇ ਸ਼ਹੀਦੀ ਪਾਈ ਉਹ ਸ਼ਬਦ ਬਚਿਤ੍ਰ ਨਾਟਕ ਵਿਚੋਂ ਸੀ।

ਚਰਿਤ੍ਰੋ ਪਾਖਯਾਨ ਬਾਰੇ ਜੋ ਇਨ੍ਹਾਂ ਵੀਚਾਰ ਪ੍ਰਗਟ ਕੀਤੇ ਹਨ, ਇਸ ਬਾਰੇ ਸ੍ਰ. ਕਪੂਰ ਸਿੰਘ ਅਤੇ ਹੋਰ ਵਿਦਵਾਨਾਂ ਨੇ ਬਹੁਤ ਵਿਸਥਾਰ ਵਿਚ ਆਪਣੀਆਂ ਪੁਸਤਕਾਂ ਵਿਚ ਚਰਚਾ ਕੀਤੀ ਹੈ ਪਰ ਨਾ ਇਹ ਉਸ ਦ੍ਰਿਸ਼ਟੀ ਨਾਲ ਵੀਚਾਰਨਾ ਚਾਹੁੰਦੇ ਹਨ ਨਾ ਹੀ ਉਸ ਨੂੰ ਮੰਨਣਾ ਚਾਹੁੰਦੇ ਹਨ। ਮੈਂ ਨਾ ਮਾਨੂੰ ਵਾਲੀ ਹਠ ਧਰਮੀ ਦਾ ਕੋਈ ਇਲਾਜ ਨਹੀਂ ਹੈ।

**ਅੰਤਿਕਾ :** ਅੰਤਿਕਾ ਵਿਚ ਜੋ ਵੀਚਾਰ, ਦਿੱਤੇ ਹਨ ਅਤੇ ਪੰਥਕ ਦਰਦ ਦਰਸਾਇਆ ਹੈ ਅਸੀਂ ਉਸ ਨਾਲ ਸਹਿਮਤ ਹਾਂ। ਪਰ ਇਹ ਦਵੰਧ ਕਿਸ ਨੇ ਸ਼ੁਰੂ ਕੀਤਾ ਹੈ? ਇਹ ਇਨ੍ਹਾਂ ਨਹੀਂ ਦੱਸਿਆ। ਗਿ. ਭਾਗ ਸਿੰਘ ਅੰਬਾਲਾ ਪਿੱਛੋਂ ''ਬ੍ਰਿਪਨ ਕੀ ਰੀਤ ਤੋਂ ਸੱਚ ਦਾ ਮਾਰਗ'' ਨਾਮੀ ਪੁਸਤਕਾਂ ਦੇ ਅਖੌਤੀ ਲੇਖਕ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਤੋਂ ਇਹ ਪੁਆੜਾ ਸ਼ੁਰੂ ਹੋਇਆ ਹੈ। ਸਾਰੇ ਮਿਸ਼ਨਰੀ ਕਾਲਜਾਂ ਅਤੇ ਕਾਮਰੇਡੀ ਸੋਚ ਦੇ ਭੇਖੀ ਸਿੱਖਾਂ ਨੇ ਇਸ ਦੀ ਪੁਸ਼ਤ ਪਨਾਹੀ ਕੀਤੀ, ਇਸ ਦੀਆਂ ਕਿਤਾਬਾਂ ਭੇਟਾ ਰਹਿਤ ਜਾਂ ਅੱਧੇ ਮੁੱਲ 'ਤੇ ਵੰਡੀਆਂ। ਸ੍ਰ. ਗੁਰਤੇਜ ਸਿੰਘ, ਇੰਦਰ ਸਿੰਘ ਘੱਗਾ ਆਦਿ ਸਪੋਕਸਮੈਨ ਨੇ ਇਸ ਨੂੰ ਵੀਹਵੀਂ ਸਦੀ ਦਾ ਮਹਾਨ ਸਿੱਖ ਚਿੰਤਕ ਅਤੇ ਸਿੱਖੀ ਅਕਾਸ਼ ਗੰਗਾ ਦਾ ਧਰੂ ਤਾਰਾ ਐਲਾਨਿਆ। ਜਦ ਕਿ ਲਿਖਤੀ ਰਿਕਾਰਡ ਤੋਂ ਪਤਾ ਚਲਦਾ ਹੈ ਕਿ ਕਾਲਾ ਅਫ਼ਗਾਨਾ ਰਿਸ਼ਵਤਖੋਰ, ਝੂਠਾ ਅਤੇ ਚਰਿਤ੍ਰਹੀਨ ਪੁਲਸੀਆ ਹੈ। ਅਸੀਂ ਆਪਣੀ ਪੁਸਤਕ ''ਸਭ ਦੁਸ਼ਟ ਝਖ ਮਾਰਾ'' ਵਿਚ ਸਾਰੇ ਪਰਦੇ ਫਾਸ਼ ਕਰ ਦਿੱਤੇ



ਹਨ। 2003 ਵਿਚ ਲਿਖੀ ਇਸ ਕਿਤਾਬ ਦਾ ਅੱਜ ਤੱਕ ਕੋਈ ਖੰਡਨ ਨਹੀਂ ਕਰ ਸਕਿਆ।

2003 ਵਿਚ ਹੀ ਦਾਸ ਨੇ ''ਕੰਨੀ ਬੁਜੇ ਦੇ ਰਹਾਂ'' ਦਾ ਇਕ ਲੇਖ ਸਪੋਕਸਮੈਨ ਦੇ ਐਡੀਟਰ ਨੂੰ ਭੇਜਿਆ ਸੀ, ਜਿਸ ਨੂੰ ਸਪੋਕਸਮੈਨ ਨੇ ਵਿਗਾੜ ਕੇ ਇਕ ਚਿੱਠੀ ਦੇ ਰੂਪ ਵਿਚ ਛਾਪ ਦਿੱਤਾ ਸੀ। ਅਸੀਂ ਇਸ ਲੇਖ ਵਿਚ ਉਹੀ ਵਿਚਾਰ ਪ੍ਰਗਟ ਕੀਤੇ ਸੀ ਜੋ ਤਤਿ ਗੁਰਮਤਿ ਵਾਲਿਆਂ ਨੇ ਪ੍ਰਗਟ ਕੀਤੇ ਹਨ। ਇਸ ਲੇਖ ਵਿਚ ਅਸੀਂ ਇਹ ਭੀ ਲਿਖਿਆ ਸੀ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਅਤੇ ਇਸ ਦੇ ਹਮਾਇਤੀ ਪੰਥ ਵਿਚ ਖਾਨਾਜੰਗੀ ਕਰਵਾਉਣ ਲਈ ਆਮਦ ਹਨ।

ਦਸਮ ਗ੍ਰੰਥ ਵਿਰੋਧੀ ਲੌਬੀ ਦੇ ਇਕ ਪਾਸੜ ਪ੍ਰਚਾਰ ਨੇ ਪੰਥ ਵਿਚ ਗੰਭੀਰ ਹਾਲਤ ਪੈਦਾ ਕਰ ਦਿੱਤੇ ਹਨ ਅਤੇ ਜਦ ਮਜਬੂਰਨ ਕੁਝ ਵਿਦਵਾਨਾਂ ਨੇ ਸ੍ਰੀ ਦਸਮ ਗ੍ਰੰਥ ਦੇ ਹੱਕ ਵਿਚ ਆਵਾਜ਼ ਉਠਾਈ ਹੈ ਤਾਂ ਤਤਿ ਗੁਰਮਤਿ ਵਾਲੇ ਹਾਲ ਪਾਹਰਿਆ ਕਰਨ ਲੱਗ ਪਏ ਹਨ।

ਅਸੀਂ ਪੰਥਕ ਸੇਵਾ ਤੋਂ ਪਿਛੇ ਨਹੀਂ ਹਟੇ ਪਾਠਕਾਂ ਦੇ ਗਿਆਤ ਲਈ ਦੱਸਣਾ ਚਾਹੁੰਦੇ ਹਾਂ ਕਿ ਗੁਰਮਤਿ ਵੀਚਾਰ ਕੇਂਦਰ ਸਿਉਨਾ ਰੋਡ ਪਟਿਆਲਾ ਵਾਲੇ ਪਿਛਲੇ ਕਈ ਸਾਲਾਂ ਤੋਂ ਹਰ ਮਹੀਨੇ, ਸਿੱਖ ਧਰਮ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤ ਬਾਰੇ ਲਿਟਰੇਚਰ ਭੇਟਾ ਰਹਿਤ ਵੰਡ ਰਿਹਾ ਹੈ। ਕਾਲੋਨੀ ਵਿਚ ਗੁਰਬਾਣੀ ਪਾਠ, ਸ਼ੁਧ ਉਚਾਰਨ ਦੀ ਸੰਥਯਾ ਦਿੱਤੀ ਜਾ ਰਹੀ ਹੈ, ਨਾਲ ਹੀ ਬੱਚਿਆਂ ਨੂੰ ਗੱਤਕਾ ਅਤੇ ਕੀਰਤਨ ਫ੍ਰੀ ਸਿਖਾਇਆ ਜਾ ਰਿਹਾ ਹੈ। ਬੱਚਿਆਂ ਨੇ ਬੜੇ ਬੜੇ ਮੁਕਾਬਲਿਆਂ ਵਿਚ ਸ਼ੁਧ ਪਾਠ ਸੁਣਾ ਕੇ ਅਤੇ ਗੱਤਕੇ ਵਿਚ ਇਨਾਮ ਪ੍ਰਾਪਤ ਕੀਤੇ ਹਨ। ਹੁਣ ਭੀ 9 ਅਪ੍ਰੈਲ ਨੂੰ ਵੱਡੇ ਪੱਧਰ 'ਤੇ ਕਾਲੋਨੀ ਵਿਚ ਗੱਤਕਾ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਨਾਲ ਹੀ ਖ਼ਾਲਸੇ ਵਿਰੋਧੀ ਦੁਸ਼ਟ ਪ੍ਰਚਾਰ ਨੂੰ ਰੋਕਣ ਲਈ ਕਿਤਾਬਾਂ ਭੀ ਲਿਖੀਆਂ ਜਾ ਰਹੀਆਂ ਹਨ। ਇਹ ਸਭ ਕਾਰਜ ਗੁਰੂ ਮਹਾਰਾਜ ਦੀ ਬਖਸ਼ਿਸ਼ ਅਤੇ ਗੁਰੂ ਕੀਆਂ ਸਿੱਖ ਸੰਗਤਾਂ ਦੀ ਸ਼ੁਭ ਅਸੀਸਾਂ ਦਾ ਸਦਕਾ ਹੀ ਹੈ। ਸਾਡੀ ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਪੰਥ ਵਿਚ ਫਿਰ ਏਕਤਾ ਬਣ ਕੇ ਚੜ੍ਹਦੀ ਕਲਾ ਹੋਵੇ।

# ਪੰਥ ਕਰੂ ਗਾ ਫ਼ੈਸਲਾ

ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਆਏ ਅੰਦਰਲੇ ਪਰਮਾਣ, ਗੁਰੂ ਦਰਬਾਰ ਦੀਆਂ ਭੱਟ ਵਹੀਆਂ ਕ੍ਰਿਤ ਸਰੂਪ ਸਿੰਘ ਕੌਸ਼ਿਕ, ਗੁਰੂ ਸੋਭਾ ਕਵੀ ਸੈਨਾ ਪਤਿ, ਮਹਿਮਾਂ ਪ੍ਰਕਾਸ਼, ਬੰਸਾਵਲੀਨਾਮਾ ਕੇਸਰ ਸਿੰਘ ਛਿੱਬਰ, ਭਾਈ ਸੁੱਖਾ ਸਿੰਘ ਦੇ ਗੁਰ ਬਿਲਾਸ, ਸੂਰਜ ਪ੍ਰਕਾਸ਼, ਲਿਖਤ ਮਹਾਂ ਕਵੀ ਸੰਤੋਖ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ ਭੰਗੂ), ਰਹਿਤਨਾਮਾ ਭਾਈ ਦੇਸਾ ਸਿੰਘ, ਆਦਿ ਉਪਲਬਧ ਗ੍ਰੰਥਾਂ ਤੋਂ ਸਾਬਤ ਹੁੰਦਾ ਹੈ ਕਿ ਮੌਜੂਦਾ ਸਰੂਪ ਵਿਚ ਉਪਲਬਧ, ਸ੍ਰੀ ਦਸਮ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਦਸਮੇਸ਼ ਕਿਰਤ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਪ੍ਰਕਾਸ਼ਕ ਭਾਸ਼ਾ ਵਿਭਾਗ ਪਟਿਆਲਾ ਦੇ ਪੰਨਾ 616 ਅਨੁਸਾਰ ਇਹ ਸਰਬ ਪ੍ਰਮਾਣਿਤ ਤੱਥ ਹੈ ਕਿ ਮੌਜੂਦਾ ਸ੍ਰੀ ਦਸਮ ਗ੍ਰੰਥ ਦੀ ਰਚਨਾ ਨੂੰ ਸੰਪਾਦਿਤ ਕਰਨ ਵਾਲੇ ਦਸਮੇਸ਼ ਪਿਤਾ ਦੇ ਬਾਲ ਸਖਾਈ ਅਤੇ ਅਨਿਨ ਸੇਵਕ ਭਾਈ ਮਨੀ ਸਿੰਘ ਹੀ ਹਨ। ਮੱਸੇ ਰੰਘੜ ਨੂੰ ਸੋਧਣ ਪਿਛੋਂ, ਪੰਥ ਨੇ ਸਰਬ ਸੰਮਤੀ ਨਾਲ ਭਾਈ ਮਨੀ ਸਿੰਘ ਦੀ ਸੰਪਾਦਿਤ ਬੀੜ ਨੂੰ ਗੁਰੂ ਕ੍ਰਿਤ ਪਰਵਾਣ ਕਰ ਲਿਆ।

ਬੰਦੇ ਬਹਾਦਰ ਦੀ ਸ਼ਹੀਦੀ ਤੋਂ ਪਹਿਲਾਂ ਇਸ ਗ੍ਰੰਥ ਦੀਆਂ ਬਾਣੀਆਂ ਪੋਥੀਆਂ ਦੇ ਰੂਪ ਵਿਚ ਗੁਰੂ ਕੇ ਸਿੱਖਾਂ ਕੋਲ ਮੌਜੂਦ ਸਨ, ਇਸ ਦੀ ਪੁਸ਼ਟੀ ਮੱਸੇ ਰੰਘੜ ਨੂੰ ਸੋਧਣ ਵਾਲੇ ਭਾਈ ਮਹਿਤਾਬ ਦੇ ਪੋਤੇ ਵਲੋਂ ਲਿਖੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਦੀ, ਭਾਈ ਤਾਰਾ ਸਿੰਘ ਵਾਂ ਦੀ ਸ਼ਹੀਦੀ ਤੋਂ ਮਿਲਦੀ ਹੈ।

ਜਦ ਮੁਗ਼ਲ ਫੌਜ ਚੜ੍ਹਾਈ ਕਰ ਕੇ ਆਈ ਤਾਂ ਭਾਈ ਸਾਹਿਬ ਕੋਲ ਸਿੰਘ ਥੋੜ੍ਹੇ ਸੀ ਆਸ ਪਾਸ ਦੇ ਕਈ ਪ੍ਰੇਮੀਆਂ ਨੇ ਭਾਈ ਤਾਰਾ ਸਿੰਘ ਨੂੰ ਕਿਹਾ ਕਿ ਮੌਕਾ ਪਛਾਣ ਕੇ ਅੱਗੇ ਪਿਛੇ ਹੋ ਜਾਵੋ। ਭਾਈ ਸਾਹਿਬ ਨੇ ਉੱਤਰ ਦਿੱਤਾ ਭੱਜਣਾ ਕਾਇਰਾਂ ਦਾ ਕੰਮ ਐ ਹੈ, ਮੈਂ ਇਥੇ ਹੀ ਲੜਕੇ ਸ਼ਹੀਦ ਹੋਵਾਂਗਾ।

ਜਥੇ ਦੇ ਸਿੰਘਾਂ ਵਿਚ ਭੀ ਦੁਚਿਤੀ ਫੈਲ ਗਈ ਅਤੇ ਕਈਆਂ ਨੇ ਪਾਸਾ ਵੱਟ ਲੈਣ ਦੀ ਸਲਾਹ ਦਿੱਤੀ। ਭਾਈ ਸਾਹਿਬ ਕੋਲ ਗੁਰਬਾਣੀ ਦੀ ਪੋਥੀ ਸੀ, ਉਨ੍ਹਾਂ ਕਿਹਾ ਕਿ ਅਰਦਾਸ ਕਰ ਕੇ ਪੋਥੀ ਵਿਚੋਂ ਹੁਕਮ ਲਵੋ ਜੋ ਹੁਕਮ ਆਵੇਗਾ ਉਸੇ ਤਰ੍ਹਾਂ ਕਰਾਂਗੇ। ਅਰਦਾਸ ਕਰ ਕੇ ਜਦ ਪੋਥੀ ਖੋਲ੍ਹ ਕੇ ਹੁਕਮ ਲਿਆ ਜੋ ਇਸ ਤਰ੍ਹਾਂ ਸੀ :

**ਜੌ ਕਹੂੰ ਕਾਲਕੇ ਭਾਜ ਕੈ ਬਾਚੀਯਤ**
**ਤੌ ਕਿਹੁ ਕੁੰਟ ਕਹੋ ਭਜ ਜੈਯੈ॥**
**ਆਗੈ ਹੂੰ ਕਾਲ ਧਰੇ ਅਸਿ ਗਾਜਤ**
**ਛਾਜਤ ਹੈ ਜਿਹ ਤੇ ਨਸਿ ਐਯੈ॥**
**ਐਸੋ ਨਾ ਕੋ ਗਯੋ ਕੋਈ ਦਾਵ ਰੇ**
**ਜਾਹਿ ਉਪਾਵ ਸੁ ਘਾਵ ਬਚੈਯੈ॥**
**ਜਾਤੇ ਨਾ ਛੁਟੀਅਤ ਮੂੜ ਕਹੂੰ ਹਲ**
**ਤਾਕੀ ਨਾ ਕਯੋਂ ਸ਼ਰਨਾਗਤ ਜੈਯੇ॥ (ਬਚਿਤ੍ਰ ਨਾਟਕ ੯੬)**

ਹੁਣ ਇਹ ਸਵੈਯਾ ਬਚਿਤ੍ਰ ਨਾਟਕ ਦੇ ਪਹਿਲੇ ਅਧਿਆਇ ਵਿਚੋਂ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਦਸਮ ਗ੍ਰੰਥ ਦੀਆਂ ਬਾਣੀਆਂ ਬਾਬੇ ਬੰਦਾ ਬਹਾਦਰ ਵੇਲੇ ਸਿੰਘਾਂ ਕੋਲ ਪ੍ਰਾਪਤ ਸਨ।

ਬਾਬੇ ਬੰਦੇ ਬਹਾਦਰ ਦੀ ਸ਼ਹੀਦੀ ਪਿਛੋਂ ਖ਼ਾਲਸਾ ਜਥੇਬੰਦੀ ਵਧਣ ਨਾਲ ਬੁੱਢਾ ਦਲ ਅਤੇ ਤਰੁਣਾ ਦਲ ਬਣੇ ਜਿਸ ਤੋਂ ਅੱਗੇ ਬਾਰਾਂ ਮਿਸਲਾਂ ਬਣ ਗਈਆਂ। ਇਸੇ ਤਰ੍ਹਾਂ ਧਰਮ ਪ੍ਰਚਾਰ ਲਈ ਭਾਈ ਮਨੀ ਸਿੰਘ ਦੀ ਚਲਾਈ ਗਿਆਨੀਆਂ ਦੀ ਟਕਸਾਲ ਸ੍ਰੀ ਅੰਮ੍ਰਿਤਸਰ ਵਿਚ ਚੱਲੀ। ਦੂਸਰਾ ਧਰਮ ਵਿਦਿਆ ਕੇਂਦਰ ਸਾਬੋ ਕੀ ਤਲਵੰਡੀ ਦਮਦਮੇ ਸਾਹਿਬ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਆਰੰਭ ਹੋਇਆ।



ਇਸ ਤੋਂ ਅੱਗੇ ਖ਼ਾਲਸੇ ’ਤੇ ਜਦ ਮੁਗ਼ਲ ਹਕੂਮਤ ਵਲੋਂ ਜ਼ੁਲਮ ਦਾ ਕਹਿਰ ਟੁੱਟਾ ਤਾਂ ਗੁਰੂ ਅਸਥਾਨਾਂ ਦੀ ਸੇਵਾ ਸੰਭਾਲ, ਉਦਾਸੀ, ਨਿਰਮਲਿਆਂ ਅਤੇ ਸੇਵਾ ਪੰਥੀਆਂ ਕੋਲ ਆਈ। ਇਨ੍ਹਾਂ ਸੰਸਥਾਵਾਂ ਦੇ ਸੰਚਾਲਕਾਂ ਨੇ ਹਕੂਮਤ ਦੇ ਕਹਿਰ ਤੋਂ ਬਚਣ ਲਈ ਬਾਹਰ ਦਾ ਲਿਬਾਸ ਸਨਾਤਨੀ ਰੱਖਿਆ ਅਤੇ ਡੇਰਿਆਂ ਦੇ ਅੰਦਰ ਭੀ ਧੂੰਏਂ ਤਪਾਉਣੇ ਟੱਲ ਖੜਕਾਉਣੇ ਵਾਲੀ ਰੀਤ ਰੱਖੀ ਪਰ ਆਮ ਸਿੱਖ ਸੰਗਤਾਂ ਵਿਚ ਗੁਰਬਾਣੀ ਦੇ ਪਾਠ ਦੇ ਪਰਵਾਹ, ਕੀਰਤਨ ਅਤੇ ਸੰਥਯਾ ਦੇਣ ਤੋਂ ਇਲਾਵਾ ਗੁਰਬਾਣੀ ਦੇ ਗੁਟਕੇ, ਪੋਥੀਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਸਿੱਖ ਜਗਤ ਨੂੰ ਦਿੰਦੇ ਰਹੇ।

ਇਸ ਤਰੀਕੇ ਨਾਲ ਇਨ੍ਹਾਂ ਸੰਸਥਾਵਾਂ ਨੇ ਖਾਲਸਾਈ ਬਾਣੇ ਤੋਂ ਪਾਸਾ ਵੱਟ ਕੇ ਆਮ ਜਨਤਾ ਵਿਚ ਗੁਰਬਾਣੀ, ਗੁਰੂ ਪ੍ਰੇਮ ਦਾ ਭਰਪੂਰ ਵਾਧਾ ਕੀਤਾ ਜਿਸ ਦਾ ਸਦਕਾ ਅੱਜ ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਛਤੀਸਗੜ੍ਹ ਅਤੇ ਮੱਧ ਪ੍ਰਦੇਸ਼ ਦੇ ਤਕਰੀਬਨ 10 ਕਰੋੜ ਵਾਸੀ ਆਪ ਨੂੰ ਨਾਨਕ ਪੰਥੀ ਕਹਾਉਣ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਕਾਬਲ ਦੀ ਸਿੱਖੀ ਭੀ ਉਦਾਸੀ ਸੰਤਾਂ ਦੀ ਕਿਰਪਾ ਸਦਕਾ ਹੀ ਅੱਜ ਪ੍ਰਫੁਲਤ ਹੈ।

ਤਖਤ ਸ੍ਰੀ ਪਟਨਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹਿੰਦਰ ਸਿੰਘ ਜੀ ਜੋ ਅੱਜ ਕੱਲ੍ਹ ਸ੍ਰੀ ਪਾਉਂਟਾ ਸਾਹਿਬ, ਗੁਰੂ ਰਾਮ ਦਾਸ ਸੰਗੀਤ ਅਕੈਡਮੀ ਚਲਾ ਰਹੇ ਹਨ ਦੇ ਦੱਸਣ ਅਨੁਸਾਰ ਕੇਵਲ ਪਟਨਾ ਜ਼ਿਲ੍ਹੇ ਵਿਚ ਹੀ ਤਕਰੀਬਨ ਤਿੰਨ ਸੌ ਡੇਰੇ ਉਦਾਸੀ ਸੰਤਾਂ ਦੇ ਸਨ ਜੋ ਸਿੱਖੀ ਪ੍ਰਚਾਰ ਕਰਦੇ ਸਨ।

ਮਿਸਲਾਂ ਦੇ ਕਾਇਮ ਹੋਣ ਅਤੇ ਸਿੱਖ ਰਿਆਸਤਾਂ ਬਣਨ ਕਰਕੇ ਇਨ੍ਹਾਂ ਡੇਰਿਆਂ ਨੂੰ ਵੱਡੀਆਂ ਜਾਗੀਰਾਂ ਦੇ ਨਾਲ ਹੀ ਜ਼ਮੀਨਾਂ ਮਿਲੀਆਂ। ਸਮਾਂ ਪਾ ਕੇ ਬਹੁਤ ਸਾਰੇ ਇਨ੍ਹਾਂ ਡੇਰਿਆਂ ਦੇ ਮਾਲਕ ਐਸ਼ਪ੍ਰਸਤੀ ਵਿਚ ਪੈ ਗਏ। ਫਲਸਰੂਪ ਇਨ੍ਹਾਂ ਡੇਰਿਆਂ ਦੀ, ਮਹੰਤਾਂ ਨਰੈਣ ਦਾਸ ਤੱਕ ਗੱਲ ਪਹੁੰਚ ਗਈ। ਸਿੰਘ ਸਭਾ ਦੇ ਆਉਣ ਅਤੇ ਸ਼੍ਰੋ. ਗੁ. ਪ੍ਰ. ਕਮੇਟੀ ਦੇ ਬਣਨ ਨਾਲ ਗੁਰੂ ਘਰਾਂ ਅਤੇ ਵੱਡੀਆਂ ਜਾਇਦਾਦਾਂ ਵਾਲੇ ਡੇਰਿਆਂ ਵਿਚ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ ਇਨ੍ਹਾਂ ਸਾਧੂਆਂ ਨੂੰ ਬੇਦਖ਼ਲ ਕਰ ਦਿੱਤਾ ਗਿਆ। ਹੁਣ ਉਦਾਸੀਆ ਨੇ ਗੁਰੂ ਨਾਨਕ ਤੋਂ ਨਾਤਾ ਤੋੜ ਕੇ ਸੰਤ ਰੇਣ ਰਾਹੀਂ ਬਾਬਾ ਸ੍ਰੀ ਚੰਦ ਦੀ ਉਮਤ ਕਹਾਉਣਾ ਚੰਗਾ ਸਮਝਦੇ ਹਨ ਅਤੇ ਖ਼ਾਲਸਾ ਪੰਥ ਦਾ ਇਕ ਅੰਗ ਨਿਕਾਰਾ ਹੋ ਗਿਆ।

ਇਸ ਜਾਣਕਾਰੀ ਦੇਣ ਪਿੱਛੋਂ ਅਸੀਂ ਹੁਣ ਮੂਲ ਵਿਸ਼ੇ ਵੱਲ ਪਰਤਦੇ ਹਾਂ। ਭਾਈ ਮਨੀ ਸਿੰਘ ਜੀ ਦੇ ਸ੍ਰੀ ਦਸਮ ਗ੍ਰੰਥ ਦੀ ਬੀੜ ਬਣਨ ਤੋਂ ਲੈ ਕੇ 1900 ਤੱਕ ਕਿਸੇ ਇਕ ਸਿੱਖ ਨੇ ਭੀ ਇਸ ਦੇ ਵਿਰੁੱਧ ਕੋਈ ਅੱਖਰ ਨਹੀਂ ਬੋਲਿਆ। ਸਿੱਖ ਮਿਸਲਾਂ ਦੇ ਸਰਦਾਰ, ਭਾਈ ਮਨੀ ਸਿੰਘ ਜੀ ਤੋਂ ਚੱਲੀ ਗਿਆਨੀਆਂ ਦੀ ਟਕਸਾਲ, ਬਾਬਾ ਦੀਪ ਸਿੰਘ ਤੋਂ ਵਰੋਸਾਈ ਦਮਦਮੀ ਟਕਸਾਲ, ਇਸੇ ਟਕਸਾਲ ਦੇ ਵਿਸਥਾਰ ਵਿਚ ਗਿਆਨੀ ਸੁੰਦਰ ਸਿੰਘ ਜੀ ਭਿੰਡਰ ਕਲਾਂ ਤੋਂ ਚੱਲੀ ਭਿੰਡਰਾਂ ਵਾਲੀ ਟਕਸਾਲ, ਉਦਾਸੀ, ਨਿਰਮਲੇ, ਸੇਵਾ ਪੰਥੀ ਸੰਪਰਦਾਵਾਂ ਨੇ ਇਸ ਨੂੰ ਗੁਰੂ ਕ੍ਰਿਤ ਮੰਨ ਕੇ ਇਸ ਦਾ ਪਾਠ ਕਰਦੇ ਰਹੇ। ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਆਧਾਰ ਗੁਰੂ, ਗੁਰਬਾਣੀ ਵਿਚ ਸ਼ਰਧਾ, ਪਿਆਰ, ਸਤਿਕਾਰ ਅਤੇ ਭਰੋਸਾ ਸੀ ਅਤੇ ਇਹੀ ਇਨ੍ਹਾਂ ਦੇ ਨਿੱਜੀ ਜੀਵਨ ਵਿਚ ਵਿਆਪਦਾ ਸੀ।

ਦੇਸ਼ ਆਜ਼ਾਦ ਹੋਣ ਨਾਲ ਸਰਕਾਰੀ ਸਕੂਲ ਹੋਂਦ ਵਿਚ ਆਏ। ਵਿਦਿਆ ਦਾ ਪਾਸਾਰ ਵਿਗਿਆਨਕ ਢੰਗ ਨਾਲ ਸ਼ੁਰੂ ਹੋ ਗਿਆ ਸਰਕਾਰੀ ਸਕੂਲਾਂ ਦੇ ਪਾਸਾਰ ਨਾਲ ਵਿਗਿਆਨ ਅਤੇ ਤਰਕਵਾਦ ਵਧਦਾ ਗਿਆ ਅਤੇ ਸ਼ਰਧਾ, ਪਿਆਰ ਭਰੋਸਾ ਆਦਿ ਘਟਣ ਲੱਗਾ। ਫਲ ਸਰੂਪ 1900 ਦੇ ਕਰੀਬ ਧੂਰੀ ਕੋਲ ਸਥਿਤ ਪਿੰਡ ਭਸੌੜ ਵਿਚ ਬਾਬੂ ਤੇਜਾ ਸਿੰਘ ਵਲੋਂ ਪਹਿਲੀ ਵਾਰ ਤਰਕ ਅਧਾਰਤ ਗੱਲਾਂ ਨਾਲ ਦਸਮ ਗ੍ਰੰਥ ਨੂੰ ਖੰਡਣਾ ਸ਼ੁਰੂ ਹੋਇਆ। ਪਹਿਲਾਂ ਦਸਮ ਗ੍ਰੰਥ ਇਸ ਦਾ ਸ਼ਿਕਾਰ ਬਣਿਆ ਫਿਰ ਅੱਜ ਕੱਲ੍ਹ ਦੇ ਸਪੋਕਸਮੈਨ ਅਖ਼ਬਾਰ ਵਾਂਗ ਅਰਦਾਸ ਦੀ ਪਹਿਲੀ ਪਉੜੀ, ਫਿਰ ਭੱਟ ਬਾਣੀ ਅਤੇ ਭਗਤ ਬਾਣੀ ਤੱਕ ਗੱਲ ਪਹੁੰਚ ਗਈ। ਆਪਣੀ ਮਨਮਤ ਨੂੰ ਪੁਗਾਉਣ ਲਈ ਬਾਬੂ ਤੇਜਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ

ਹੱਥ ਲਿਖਤੀ ਬੀੜ ਤਿਆਰ ਕਰਵਾਈ ਜਿਸ ਵਿਚ ਕੇਵਲ ਗੁਰੂ ਸਾਹਿਬਾਂ ਦੀ ਹੀ ਬਾਣੀ ਸੀ। ਪੁਰਾਣੀ ਸਿੱਧ ਕਰਨ ਲਈ ਇਸ ਨੂੰ ਤੂੜੀ ਵਿਚ ਦੱਬ ਦਿੱਤਾ, ਤਾਂ ਜੋ ਪਤਰੇ ਪੀਲੇ ਪੈਕੇ ਪੁਰਾਤਨ ਸਰੂਪ ਨਜ਼ਰ ਆਵੇ। ਭੇਤ ਖੁੱਲ੍ਹ ਗਿਆ। ਸਾਰੇ ਹਾਲਾਤ ਨੂੰ ਦੇਖ ਬਾਬੂ ਜੀ ਨੂੰ ਅਕਾਲ ਤਖ਼ਤ ਸਾਹਿਬ ’ਤੇ ਤਲਬ ਕੀਤਾ ਗਿਆ। ਕਾਲਾ ਅਫ਼ਗਾਨਾ, ਜੋਗਿੰਦਰ ਸਿੰਘ ਵਾਂਗ ਆਕੀ ਹੋ ਕੇ ਪੇਸ਼ ਨਾ ਹੋਏ ਅਤੇ ਉਨ੍ਹਾਂ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਅਤੇ ਬਾਬੂ ਤੇਜਾ ਸਿੰਘ ਦੇ ਵਾਰਿਸ ਸ੍ਰ. ਮਨਮੋਹਣ ਸਿੰਘ ਜੀ ਪਰਿਵਾਰ ਸਮੇਤ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ 2 ਮਈ 2001 ਨੂੰ ਤਨਖਾਹ ਲੁਆ ਕੇ ਪੰਥ ਵਿਚ ਸ਼ਾਮਲ ਹੋਏ।

ਜੋ ਮੁੱਦੇ ਬਾਬੂ ਤੇਜਾ ਸਿੰਘ ਜੀ ਨੇ ਆਪਣੀਆਂ ਲਿਖਤਾਂ ਵਿਚ ਉਠਾਏ ਸੀ ਉਨ੍ਹਾਂ ਮੁੱਦਿਆਂ ’ਤੇ ਆਧਾਰ ’ਤੇ ਹੀ ਗਿ. ਭਾਗ ਸਿੰਘ ਜੀ ਅੰਬਾਲਾ ਨੇ ‘‘ਦਸਮ ਗ੍ਰੰਥ ਨਿਰਣੈ’’ ਨਾਮੀ ਪੁਸਤਕ ਲਿਖ ਕੇ ਪੰਥ ਵਿਚ ਬਵੰਡਰ ਖੜ੍ਹਾ ਕੀਤਾ ਅਤੇ ਗਿਆਨੀ ਜੀ ਨੂੰ 5.1.1977 ਪੰਥ ਤੋਂ ਖਾਰਜ ਕਰ ਦਿੱਤਾ ਗਿਆ ਅਤੇ ਕਈ ਸਾਲ ਪਿੱਛੋਂ ਗਿਆਨੀ ਜੀ ਨੇ ਤਨਖਾਹ ਲੁਆ ਕੇ ਭੁਲ ਬਖਸ਼ਾਈ।

1960 ਦੇ ਕਰੀਬ ਪਹਿਲਾ ਸਿੱਖ ਮਿਸ਼ਨਰੀ ਕਾਲਜ ਦਿੱਲੀ, ਫਤਹਿਪੁਰੀ ਵਿਚ ਸਥਾਪਤ ਹੋਇਆ; 1970ਵਿਚ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਫਿਰ ਗੁਰਮਤਿ ਮਿਸ਼ਨਰੀ ਕਾਲਜ ਚੌਂਤਾ (ਰੋਪੜ) ਅਤੇ ਇਸ ਪਿੱਛੋਂ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ (ਲੁਧਿਆਣਾ) ਹੋਂਦ ਵਿਚ ਆਇਆ।

ਇਨ੍ਹਾਂ ਮਿਸ਼ਨਰੀ ਕਾਲਜਾਂ ਦੇ ਸੰਚਾਲਕਾਂ ਨੇ, ਆਧਾਰ ਭਾਵੇਂ ਪ੍ਰੋ. ਸਾਹਿਬ ਜੀ ਦੇ ਦਰਪਣ ਨੂੰ ਬਣਾ ਕੇ ਕੰਮ ਸ਼ੁਰੂ ਕੀਤਾ ਸੀ। ਪਰ ਹੁਣ ਇਹ ਪੂਰਨ ਤੌਰ ’ਤੇ ਵਿਗਿਆਨ ਦੀ ਝੋਲੀ ਵਿਚ ਪੈ ਗਏ ਹਨ, ਗੁਰਬਾਣੀ ਵਿਆਖਿਆ ਅਤੇ ਇਤਿਹਾਸ, ਹਰ ਗੱਲ ਦੀ ਪੁਸ਼ਟੀ ਵਿਗਿਆਨ ਦੇ ਅਨੁਸਾਰ ਹੀ ਕਰਦੇ ਹਨ। ਰੱਬ ਦੀ ਹੋਂਦ ਤੋਂ ਮੁਨਕਰ, ਨਾਸਤਕਤਾ ਦਾ ਪ੍ਰਚਾਰਕ, ਤਰਕਸ਼ੀਲ ਟੋਲਾ ਭੀ ਵਿਗਿਆਨ ਤੇ ਆਧਾਰਤ ਹੈ। ਇਸ ਲਈ ਨਾਸਤਕਤਾ ਬਿਰਤੀ ਵਾਲੇ, ਸਿੱਖੀ ਭੇਖ ਅਪਣਾ ਕੇ ਸਿੱਖ ਮਿਸ਼ਨਰੀ ਕਾਲਜ ਨਾਲ ਘਿਉ ਖਿਚੜੀ ਹੋ ਗਏ ਹਨ। ਵਿਗਿਆਨ ਪਦਾਰਥਵਾਦ ਤੇ ਆਧਾਰਤ ਹੈ ਅਤੇ ਸਿੱਖ ਧਰਮ ਰਹੱਸਮਈ ਪਰਮੇਸ਼ਰ ਦੇ ਬ੍ਰਹਮ ਗਿਆਨ ਤੇ ਆਧਾਰਤ ਹੈ। ਇਸ ਲਈ ਦੋ ਅੱਡ-ਅੱਡ ਵਿਚਾਰਧਾਰਾਵਾਂ ਦਾ ਟਕਰਾਓ ਕੁਦਰਤੀ ਗੱਲ ਹੈ।

ਕਿਉਂਕਿ ਵਿਗਿਆਨ ਪੁਨਰ ਜਨਮ, ਪ੍ਰਲੋਕ, ਭੂਤ-ਪ੍ਰੇਤ, ਨਰਕ ਸੁਰਗ, ਧਰਮ ਰਾਜ, ਜਮਦੂਤ ਅਤੇ ਬ੍ਰਹਮ ਗਿਆਨ ਦੀ ਅਵਸਥਾ ਵਿਚ ਪ੍ਰਾਪਤ ਹੋਈਆਂ ਅਲੌਕਿਕ, ਪਰਾਭੌਤਕ ਸ਼ਕਤੀਆਂ ਨੂੰ ਨਹੀਂ ਮੰਨਦਾ, ਇਸ ਲਈ ਮਿਸ਼ਨਰੀ ਕਾਲਜ ਦੇ ਵਿਦਿਆਰਥੀਆਂ ਨੂੰ, ਸੰਚਾਲਕਾਂ ਵਲੋਂ ਗੁਰਬਾਣੀ ਦੇ ਅਰਥ ਵਿਗਿਆਨ ਦੇ ਢੰਗ ਨਾਲ ਹੀ ਦੱਸੇ ਜਾਂਦੇ ਹਨ। ਇਸੇ ਤਰ੍ਹਾਂ ਸਿੱਖ ਇਤਿਹਾਸ ਭੀ ਬੱਚਿਆਂ ਨੂੰ ਵਿਗਿਆਨ ਦੇ ਚਸ਼ਮੇ ਰਾਹੀਂ ਦਿਖਾਇਆ ਜਾਂਦਾ ਹੈ।

ਮਿਸ਼ਨਰੀ ਕਾਲਜ ਦੇ ਸੰਚਾਲਕਾਂ ਦੇ ਕੱਢੇ ਸਿੱਟਿਆਂ ਅਨੁਸਾਰ, ਪੰਜਾ ਸਾਹਿਬ, ਰੀਠਾ ਸਾਹਿਬ ਝੂਠ ਹੈ, ਦੁੱਖ ਭੰਜਨ ਬੇਰੀ ਅੰਧ ਵਿਸ਼ਵਾਸ ਹੈ, ਮਾਤਾ ਸੁਲਖਣੀ ਨੂੰ ਪੁੱਤਰ ਦੀ ਦਾਤ ਵਾਲੀ ਸਾਖੀ ਗ਼ਲਤ ਹੈ, ਦੁੱਖ ਭੰਜਨੀ ਬੇਰੀ ਨਾਲ ਸਬੰਧਤ ਬੀਬੀ ਰਜਨੀ ਦੀ ਸਾਖੀ, ਬਾਬਾ ਬੁੱਢਾ ਜੀ ਦਾ ਮਾਤਾ ਗੰਗਾ ਜੀ ਨੂੰ ਵਰਦਾਨ ਦੇਣਾ ਸਭ ਝੂਠ ਹੈ। ਨਾਮ ਜਪਣ ਨਾਲ ਜਾਂ ਗੁਰਬਾਣੀ ਦੇ ਕਿਸੇ ਸ਼ਬਦ ਦੇ ਪੜ੍ਹਨ ਨਾਲ ਕੋਈ ਸਰੀਰਕ ਰੋਗ ਨਹੀਂ ਹਟ ਸਕਦਾ, ਸੱਤਾ ਬਲਵੰਡ ਦੀ ਵਾਰ ਦੀ ਉਥਾਨਕਾ ਵਾਲੀ ਸਾਖੀ ਮਨਘੜਤ ਹੈ। ਗੁਰੂ ਖੁਸ਼ ਹੋ ਕੇ ਕੋਈ ਵਰ ਨਹੀਂ ਦਿੰਦਾ ਨਾ ਹੀ ਕਿਸੇ ਤੇ ਕਰੋਪੀ ਨਾਲ ਕਿਸੇ ਦਾ ਕੁਝ ਵਿਗੜਦਾ ਹੈ।

ਗੁਰੂ ਨਾਨਕ ਸਾਹਿਬ ਵਲੋਂ ਬਖਸ਼ੇ ਸਿੱਖੀ ਦੇ ਮੁੱਢਲੇ ਅਸੂਲ ਨਾਮ, ਦਾਨ, ਇਸ਼ਨਾਨ ਨੂੰ ਖੰਡਨ ਕਰਦੇ ਹਨ ਸਰੋਵਰ ਦੇ ਇਸ਼ਨਾਨ, ਦਾਨ ਕਰਨਾ ਅਤੇ ਨਾਮ ਜਪਣਾ ਸਭ ਬ੍ਰਹਮਣਵਾਦੀ ਕਰਮ ਹਨ, ਬਾਣੀ ਹੀ ਨਾਮ ਹੈ। ਮੂੰਹ ਨਾਲ ਵਾਹਿਗੁਰੂ ਮੰਤ੍ਰ ਦਾ ਜਾਪ ਤੁਹਾਡਾ ਕੁਝ ਨਹੀਂ



ਸਵਾਰ ਸਕਦਾ ਐਸਾ ਸਿਧਾਂਤ ਮਿਸ਼ਨਰੀ ਕਾਲਜਾਂ ਦਾ ਹੈ। ਨਾਮ ਜਪਣ ਵਾਲੇ ਪੰਥ ਪਰਵਾਣਤ ਹਸਤੀਆਂ ਸੰਤ ਅੱਤਰ ਸਿੰਘ ਜੀ, ਬਾਬਾ ਨੰਦ ਸਿੰਘ ਜੀ, ਭਾਈ ਰਣਧੀਰ ਸਿੰਘ ਜੀ ਆਦਿ ਨੂੰ ਇਹ ਸਭ ਵਿਹਲੜ, ਹਰਾਮ ਖਾਣੇ ਅਤੇ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਦੱਸਦੇ ਹਨ। ਭਾਈ ਵੀਰ ਸਿੰਘ ਜੀ ਭੀ ਪ੍ਰੋ. ਸਾਹਿਬ ਦਾ ਵਿਆਕਰਣ ਚੁਰਾਉਣ ਵਾਲੇ ਸਨ, ਐਸਾ ਇਹ ਪ੍ਰਚਾਰ ਆਪਣੇ ਪਾਠਕਾਂ ਨੂੰ ਕਰਦੇ ਹਨ। ਗੁਰਬਾਣੀ ਵਿਚੋਂ ਆਪਦੇ ਮਤਲਬ ਦੇ ਸ਼ਬਦ ਅਤੇ ਤੁਕਾਂ ਆਪਣੇ ਪਾਠਕਾਂ ਨੂੰ ਦੱਸਦੇ ਹਨ।

ਜਦੋਂ ਆਪਣੇ ਹਿੱਤ ਵਿਚ ਹੋਵੇ ਤਾਂ ਕਹਿਣਗੇ ਰਹਿਤ ਮਰਯਾਦਾ ਵਿਚ ਆਹ ਲਿਖਿਆ ਹੈ ਅਤੇ ਜਦੋਂ ਇਨ੍ਹਾਂ ਦੇ ਹਿੱਤ ਵਿਚ ਨਾ ਹੋਵੇ ਤਾਂ ਕਹਿਣਗੇ ਰਹਿਤ ਮਰਯਾਦਾ ਵਿਚ ਸੋਧ ਹੋਣੀ ਚਾਹੀਦੀ ਹੈ। ਗਿਆਨੀ ਭਾਗ ਸਿੰਘ ਅੰਬਾਲਾ, ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਵਰਗੇ ਦੀ ਪਿੱਠ ਠੋਕਣ ਵਾਲੇ ਸਾਰੇ ਮਿਸ਼ਨਰੀ ਕਾਲਜ ਹਨ। ਇਕ ਚਰਿਤ੍ਰਹੀਣ, ਰਿਸ਼ਵਤਖੋਰ, ਸਜ਼ਾਯਾਫ਼ਤਾ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਸਿੱਖੀ ਅਕਾਸ਼ ਗੰਗਾ ਦਾ ਧਰੂ ਤਾਰਾ ਬਣਾਉਣ ਵਾਲੇ ਭੀ ਮਿਸ਼ਨਰੀ ਕਾਲਜ ਹਨ।

ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਪਿਆਰ ਵਾਲੇ ਸ਼ਰਧਾਵਾਨ, ਸਿਦਕਵਾਨ ਖ਼ਾਲਸਾ ਪੰਥ ਨੇ ਤਾਂ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਸਵੀਕਾਰ ਕੇ ਇਸ ਨੂੰ ਖੰਡਣ ਵਾਲੇ ਨੂੰ ਪੰਥ ਵਿਚੋਂ ਛੇਕ ਦਿੱਤਾ ਪਰ ਤਰਕਵਾਦੀ, ਵਿਗਿਆਨਕ ਸਿੱਖ (ਮਿਸ਼ਨਰੀ ਕਾਲਜ) ਨੂੰ ਦਸਮ ਗ੍ਰੰਥ ਸਿੱਖੀ ਦਾ ਵੈਰੀ ਨਜ਼ਰ ਆਉਂਦਾ ਹੈ। ਇਸ ਲਈ ਹੁਣ ‘‘ਦਸਮ ਗ੍ਰੰਥ’’ ਦਾ ਮੁੱਦਾ ਪੰਥਕ ਮੁੱਦਾ ਨਾ ਰਹਿ ਕੇ ਸ਼ਰਧਾ, ਪਰੇਮ ਅਤੇ ਸਤਿਕਾਰ ਅਤੇ ਵਿਗਿਆਨਕ ਸੋਚ ਵਿਚ ਵੰਡ ਗਿਆ।

ਕਿਉਂਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਮਿਸ਼ਨਰੀਆਂ ਦੀ ਸੋਚ ਦੇ ਧਾਰਨੀ ਹਨ ਅਤੇ ਅੰਮ੍ਰਿਤਸਰ ਸ਼੍ਰੋ. ਗੁ. ਪ੍ਰਬੰਧਕ ਕਮੇਟੀ ਦੇ ਹੈੱਡ ਗ੍ਰੰਥੀ, ਜਥੇਦਾਰ ਸਿੰਘ ਸਾਹਿਬ ਪੁਰਾਤਨ ਸੋਚ ਦੇ ਹਨ ਇਸ ਲਈ ਇਹ ਹੁਣ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਮ ਸ਼੍ਰੋਮਣੀ ਕਮੇਟੀ ਦਾ ਮੁੱਦਾ ਬਣ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮਾਲਕਾਂ ਨੇ ਕੰਵਲ ਫੁਲ ਵਾਲੀ ਪਾਰਟੀ ਨਾਲ ਜੱਫੀ ਪਾਈ ਹੋਈ ਹੈ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਂਗਰਸ ਨਾਲ ਸਾਂਝ ਹੈ। ਇਸ ਲਈ ਦਸਮ ਗ੍ਰੰਥ ਦਾ ਮੁੱਦਾ ਹੁਣ ਕਾਂਗਰਸ ਪਾਰਟੀ ਅਤੇ ਬੀ. ਜੇ. ਪੀ. ਦਾ ਮੁੱਦਾ ਬਣ ਗਿਆ ਹੈ।

ਤੀਸਰੀ ਧਿਰ ਇਕ ਹੋਰ ਹੈ ਜਿਸ ਦਾ ਨਾਅਰਾ ਹਿੰਦੀ, ਹਿੰਦੂ, ਹਿੰਦੁਸਤਾਨ ਹੈ ਉਸ ਦਾ ਆਪਣਾ ਰੋਲ ਹੈ। ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਨਾਲ ਉਹ ਦਸਮ ਗ੍ਰੰਥ ਮੰਨਣ ਵਾਲਿਆਂ ਨੂੰ ਹੱਲਾਸ਼ੇਰੀ ਦਿੰਦੇ ਹਨ ਅਤੇ ਦਸਮ ਗ੍ਰੰਥ ਦੇ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਨੂੰ ਮਾਲਾਮਾਲ ਕਰਦੇ ਹਨ। ਕਿਉਂਕਿ ਪਹਿਲਾਂ ਜਦ ਕਦੇ ਉਹ ਬਿਆਨ ਦਿੰਦੇ ਸਨ ਕਿ ਸਿੱਖ ਹਿੰਦੂ ਹਨ ਗੁਰੂ ਸਾਹਿਬ ਨੇ ਸਾਡੇ ਲਈ ਹੀ ਬਣਾਏ ਸੀ ਤਾਂ ਸਾਰਾ ਪੰਥ ਟੁੱਟ ਕੇ ਪੈ ਜਾਂਦਾ ਸੀ। ਕੂਟਨੀਤੀ ਨਾਲ ਪੰਥ ਵਿਚ ਵੰਡੀਆਂ ਪਾ ਕੇ ਆਪ ਆਰਾਮ ਨਾਲ ਤਮਾਸ਼ਾ ਦੇਖ ਰਹੇ ਹਨ।

ਰੋਮਨ ਕੈਥੋਲਿਕ ਦੇ ਈਸਾਈ ਪਾਦਰੀਆਂ ਦੇ ਪਾਖੰਡ ਅਤੇ ਭਰਮਾਂ ਵਿਚ ਫਸਾ ਕੇ ਲੋਕਾਂ ਨੂੰ ਲੁੱਟਣ ਕਰ ਕੇ ਯੂਰਪ ਵਿਚ ਪਰੋਟੈਸਟੈਂਟ ਈਸਾਈ ਮੱਤ ਬਣ ਗਿਆ ਸੀ। ਅੱਜ ਦੀ ਖ਼ਾਲਸਾ ਪੰਥ ਦੀ ਹਾਲਤ ਭੀ ਅਜਿਹੀ ਹੀ ਹੈ। ਅਨਪੜ੍ਹ, ਜਾਹਲ, ਸਿੱਖੀ ਤੋਂ ਕੋਰੇ, ਅਖੌਤੀ ਡੇਰੇਦਾਰ ਸਾਧਾਂ ਦੇ ਕੁਕਰਮਾਂ ਕਰਕੇ ਸਿੱਖ ਮਿਸ਼ਨਰੀ ਕਾਲਜ ਵਾਲੇ ਇਕ ਪਰਾਟੈਸਟੈਂਟ ਸਿੱਖ ਮੱਤ ਖੜ੍ਹਾ ਕਰ ਰਹੇ ਹਨ। ਫਲਸਰੂਪ ਸਿੱਖਾਂ ਵਿਚ ਖਾਨਾ ਜੰਗੀ ਹੋਵੇਗੀ, ਦੋਵੇਂ ਧਿਰਾਂ ਲੜਨਗੀਆਂ ਰੈਫਰੀ ਆਰ. ਐਸ. ਐਸ. ਵਾਲੇ ਬਣਨਗੇ ਅਤੇ ਜਿੱਤ ਹਾਰ ਦਾ ਫੈਸਲਾ ਕਾਮਰੇਡਾਂ ਦੇ ਹੱਥ ਹੋਵੇਗਾ।

ਇਹ ਲੇਖਕ ਦੀਆਂ ਕਿਆਸ ਅਰਾਈਆਂ ਨਹੀਂ ਹਨ ਤੱਥਾਂ ਤੇ ਆਧਾਰਤ ਕੱਢੇ ਸਿੱਟੇ ਹਨ। ਅੱਜ ਪੰਥ ਦੀ ਵਾਂਗ ਡੋਰ ਹਉਮੈ, ਲਾਲਚ, ਈਰਖਾ ਅਤੇ ਕੁਰਸੀ ਭੁੱਖ ਦੇ ਅਧੀਨ ਹੈ ਅਤੇ ਇਹੀ ਹਾਲ ਧਾਰਮਿਕ ਖੇਤਰ ਦਾ ਹੈ। ਜੇ ਦਸਮ ਗ੍ਰੰਥ ਬਾਰੇ ਫੈਸਲਾ ਪੰਥ ਨੇ ਕਰਨਾ ਹੁੰਦਾ ਤਾਂ ਪਹਿਲਾਂ ਤਿੰਨ ਵਾਰ ਪੰਥ ਆਪਣਾ ਫੈਸਲਾ ਦੇ ਚੁੱਕਾ ਹੈ। ਪਰ ਵਿਗਿਆਨਕ ਸੋਚ ਅਤੇ

ਕਾਮਰੇਡੀ ਟੋਲੇ ਨੂੰ ਇਹ ਪ੍ਰਵਾਣ ਨਹੀਂ। ਇਸ ਲਈ ਇਹ ਫੈਸਲਾ ਹੁਣ ਖਾਨਾ ਜੰਗੀ ਨਾਲ ਹੋਵੇਗਾ ਅਤੇ ਪੰਥਕ ਵਿਨਾਸ਼ ਹੋਵੇਗਾ। ਪਿਛਲੇ ਪੰਜਾਹ ਸਾਲਾਂ ਤੋਂ ਸਿੱਖ ਫੁਲਵਾੜੀ, ਕੂਚਾ ਫੀਲਡ ਗੰਜ ਲੁਧਿਆਣਾ ਤੋਂ ਛਪਦਾ ਹੈ। ਮਿਸ਼ਨਰੀ ਕਾਲਜ ਚੌਂਤਾ (ਰੋਪੜ), ਗੁਰਮਤਿ ਗਿਆਨ ਕਾਲਜ ਜਵੱਦੀ ਕਲਾਂ ਅਤੇ ਮਿਸ਼ਨਰੀ ਕਾਲਜ ਦਿੱਲੀ ਦਸਮ ਗ੍ਰੰਥ ਵਿਰੁੱਧ ਪ੍ਰਚਾਰ ਵਿੱਚ ਡਟੇ ਹੋਏ ਹਨ। ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਧਾਨ ਮਿਸ਼ਨਰੀ ਹੋਣ ਕਰਕੇ ਗੁ. ਬੰਗਲਾ ਸਾਹਿਬ ਦੀ ਸਟੇਜ ਤੋਂ ਦਸਮ ਗ੍ਰੰਥ ਸਾਹਿਬ ਵਿਰੁੱਧ ਲਗਾਤਾਰ ਗੁਮਰਾਹਕੁੰਨ ਪ੍ਰਚਾਰ ਹੋ ਰਿਹਾ ਹੈ। ਸਪੋਕਸਮੈਨ ਵਿਚ ਹਰ ਰੋਜ਼ ਦਸਮ ਗ੍ਰੰਥ ਦੇ ਵਿਰੁੱਧ ਲੇਖ ਲਿਖੇ ਜਾ ਰਹੇ ਹਨ।

ਪਰ ਦਸਮ ਗ੍ਰੰਥ ਸਾਹਿਬ ਪੱਖੀ ਲਾਬੀ ਸੁੱਤੀ ਪਈ ਹੈ। ਸੰਤ ਸਮਾਜ ਆਪਣੇ ਡੇਰੇ ਦੀ ਆਮਦਨ ਅਤੇ ਮੱਥੇ ਟੇਕਣ ਵਾਲਿਆਂ ਦੀ ਭੀੜ ਤੋਂ ਸੰਤੁਸ਼ਟ ਹੈ। ਇਹ ਕੇਵਲ ਉਪਰਲੇ ਦਿਲੋਂ ਦਸਮ ਗ੍ਰੰਥ ਦੇ ਹੱਕ ਵਿਚ ਬੋਲਦੇ ਹਨ। ਬਹੁਤ ਘੱਟ ਸੰਤ ਹਨ ਜੋ ਗੰਭੀਰਤਾ ਨਾਲ ਇਸ ਮੁੱਦੇ ਨਾਲ ਜੁੜੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਗਈ ਹੈ। ਇਥੋਂ ਤੱਕ ਕਿ ਗੁਰਮਤਿ ਪ੍ਰਕਾਸ਼ (ਮਾਸਿਕ) ਵਿਚ ਵਿਰੋਧੀਆਂ ਦੀਆਂ ਕੁਤਰਕਾਂ ਦੇ ਉੱਤਰ ਲਈ ਕੋਈ ਜਗ੍ਹਾ ਇਸ ਲਈ ਨਹੀਂ ਹੈ। ਜਿਹੜੇ ਵਿਅਕਤੀ ਜਾਂ ਸੰਸਥਾਵਾਂ ਪੀੜਾ ਮਹਿਸੂਸ ਕਰਦੀਆਂ ਹਨ, ਉਹ ਪੈਸਾ ਅਤੇ ਹੋਰ ਸਾਧਨਾਂ ਵਲੋਂ ਵਿਵੱਸ਼ ਹਨ।

ਇਨ੍ਹਾਂ ਹਾਲਾਤਾਂ ਵਿਚ ਕਾਮਰੇਡੀ ਲਾਬੀ ਦੀ ਮਦਦ ਨਾਲ ਮਿਸ਼ਨਰੀ ਕਾਲਜਾਂ ਦੀ ਜਿੱਤ ਯਕੀਨੀ ਨਜ਼ਰ ਆਉਂਦੀ ਹੈ। ਪਰ ਵਿਧਾਤਾ ਕੀ ਕਰੇਗਾ, ਕਿੱਦਾਂ ਕਰੇਗਾ ਇਸ ਬਾਰੇ ਕੁਝ ਕਹਿ ਨਹੀਂ ਸਕਦੇ। ਅਸੀਂ ਕੇਵਲ ਦਸਮੇਸ਼ ਪਿਤਾ ਦਾ, ਜ਼ਫਰਨਾਮੇ ਦਾ ਸਹਾਰਾ ਹੀ ਲੈ ਸਕਦੇ ਹਾਂ :

**ਕਿ ਊ ਰਾ .ਗਰੂਰ ਅਸਤ ਬਰ ਮੁਲਕੋ ਮਾਲ।**
**ਵ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ। ੧੦੩**

ਉਸ (ਔਰੰਗਜ਼ੇਬ) ਨੂੰ ਤਾਂ ਆਪਣੇ ਰਾਜ ਭਾਗ ਅਤੇ ਧਨ ਦੌਲਤ ਦਾ ਘੁਮੰਡ ਹੈ। ਸਾਨੂੰ ਆਪਣੇ ਅਕਾਲ ਪੁਰਖ ਦੀਆਂ ਰੱਖਾਂ ਹਨ।

ਕਾਸ਼ ! ਇਹ ਲੇਖ ਪੜ੍ਹ ਕੇ ਪੰਥ ਦਰਦੀ ਕਿਸੇ ਵੀਰ, ਸੰਸਥਾ, ਕਿਸੇ ਧਾਰਮਿਕ ਮੁਖੀ ਜਾਂ ਨੀਲੀਆਂ ਪੱਗਾਂ ਵਾਲੇ ਅਖੌਤੀ ਜਥੇਦਾਰਾਂ ਵਿਚ ਕੁਝ ਜਾਗ੍ਰਤੀ ਆ ਜਾਵੇ ਅਤੇ ਸਾਡੀ ਸੇਵਾ ਪ੍ਰਵਾਨ ਕਰਕੇ ਗੁਰ ਖੁਸ਼ੀਆਂ ਦੀ ਅਸੀਸ ਬਖਸ਼ ਦੇਣ।

# ਗੁਰਮਤਿ ਵਿਚਾਰ ਕੇਂਦਰ ਦੀ ਸੇਵਾ ਦਾ ਵੇਰਵਾ

ਪਿਛਲੇ ਤਕਰੀਬਨ ਗਿਆਰਾਂ ਸਾਲਾਂ ਤੋਂ ਸਿੱਖ ਧਰਮ ਦੇ ਇਤਿਹਾਸ, ਸਿੱਖੀ ਸਿਧਾਂਤ, ਗੁਰ ਸ਼ਬਦ ਵੀਚਾਰ ਅਤੇ ਚਲੰਤ ਮਸਲਿਆਂ ਬਾਰੇ ਛੋਟੇ ਛੋਟੇ ਟ੍ਰੈਕਟ ਲਿਖ ਕੇ ਧਾਰਮਿਕ ਜੋੜ ਮੇਲਿਆਂ ਤੇ ਭੇਟਾ ਰਹਿਤ ਵੰਡੇ ਜਾ ਰਹੇ ਹਨ। ਇਨ੍ਹਾਂ ਟ੍ਰੈਕਟਾਂ ਦੀ ਗਿਣਤੀ ਹੁਣ 104 ਤੱਕ ਪੁੱਜ ਗਈ ਹੈ। ਰਣਜੀਤ ਨਗਰ ਦੇ ਧਾਰਮਿਕ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪਾਠ ਦੀ ਸੰਥਿਆ ਦੀ ਸੇਵਾ ਚੱਲ ਰਹੀ ਹੈ। ਇਸ ਤੋਂ ਇਲਾਵਾ ਸਕੂਲੀ ਬੱਚਿਆਂ ਨੂੰ ਕੀਰਤਨ ਅਤੇ ਗੱਤਕਾ ਵੀ ਸਿਖਾਇਆ ਜਾ ਰਿਹਾ ਹੈ। ਬੱਚਿਆਂ ਨੇ ਇਹਨਾਂ ਵਿਸ਼ਿਆਂ ਦੇ ਮੁਕਾਬਲਿਆਂ ਵਿੱਚ ਉਚ ਪੱਧਰੀ ਇਨਾਮ ਪ੍ਰਾਪਤ ਕੀਤੇ ਹਨ। ਸਿੱਖੀ ਪ੍ਰਚਾਰ ਅਤੇ ਸਿੱਖ ਵਿਰੋਧੀ ਪ੍ਰਚਾਰ ਨੂੰ ਠੱਲ੍ਹ ਪਾਉਣ ਲਈ ਹੇਠ ਲਿਖੀਆਂ ਪੁਸਤਕਾਂ ਅਤੇ ਕਿਤਾਬਚੇ ਵੀ ਪ੍ਰਕਾਸ਼ਿਤ ਕੀਤੇ ਹਨ।

1. "ਸਭ ਦੁਸ਼ਟ ਝਖ ਮਾਰਾ" ਗੁਰਬਖਸ਼ ਸਿੰਘ ਕਾਲਾ ਅਫਗਾਨਾ ਦੀਆਂ ਲਿਖਤਾਂ ਦਾ ਉੱਤਰ।
2. "ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਿਕ ਅਤੇ ਅਧਿਆਤਮਿਕ ਪੱਖ"।
3. "ਕਾਮਰੇਡੀ ਸਿੱਖਾਂ ਦੇ ਕੌਤਕ" ਇੰਦਰ ਸਿੰਘ ਘੱਗਾ ਅਤੇ ਸੁਖਵਿੰਦਰ ਸਿੰਘ (ਸਭਰਾ ਦੀਆਂ ਲਿਖਤਾਂ ਦਾ ਉੱਤਰ)
4. "ਸ੍ਰੀ ਦਸਮ ਗ੍ਰੰਥ ਸਾਹਿਬ ਪ੍ਰਸ਼ਨੋਤਰੀ"।
5. "ਸਤਿਗੁਰ ਬਾਝਹੁ ਗੁਰ ਨਹੀਂ ਕੋਈ" ਰਾਧਾ ਸੁਆਮੀ, ਨਿਰੰਕਾਰੀ ਅਤੇ ਕੂਕਿਆਂ ਬਾਰੇ।
6. "ਗੰਜੇ ਸ਼ਹੀਦਾਂ" ਜੋਗੀ ਅਲ੍ਹਾ ਯਾਰ ਖਾਂ ਦੀ ਕਵਿਤਾ ਔਖੇ ਅੱਖਰਾਂ ਦੇ ਅਰਥਾਂ ਸਮੇਤ।
7. "ਕਾਮਰੇਡੀ ਸਿੱਖਾਂ ਦੇ ਕੌਤਕ" ਭਾਗ (2)।
8. "ਗੁਰਮਤਿ ਸੇਧਾਂ" ਭਾਗ (੧)।
9. "ਗੁਰਮਤਿ ਸੇਧਾਂ" ਭਾਗ (2)।
10. "ਗੁਰਮਤਿ ਸੇਧਾਂ" ਭਾਗ (੩)।